# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੧੫: ਸ਼ੁੱਧ ਉਦੇਸ਼ਮ (ਨੀਅਤ ਦਾ ਬੀਜ)

'ਸ਼ੁੱਧ ਉਦੇਸ਼ਮ', ਨੀਅਤ ਦਾ ਬੀਜ, ਸੱਚੇ-ਸੁੱਚੇ ਦਿਆਵਾਨ, ਗੁਰੂ ਨਾਨਕ ਦਾ ਨੇਕ ਇਰਾਦਇਆਂ ਅਤੇ ਦਰਿਆਦਿਲੀ ਨਾਲ ਵਰਤਾਉਣ ਦਾ ਇਜ਼ਹਾਰ ਹੈ ਜੋ ਉਨ੍ਹਾਂ ਨੇ ਹਰੇ-ਭਰੇ 'ਮਾਲਾਬਾਰ' ਇਲਾਕੇ ਵਿੱਚੋਂ ਸਮੁੰਦਰ ਵਿੱਚ ਜਾਂਦੇ ਪਾਣੀਆਂ ਵਿਚਕਾਰ ਕੀਤਾ।

ਸਾਚੀ ਸੁਰਤਿ ਨਾਮਿ ਨਹੀ ਤ੍ਰਿਪਤੇ ਹਉਮੈਂ ਕਰਤ ਗਵਾਇਆ॥
ਪਰ ਧਨ ਪਰ ਨਾਰੀ ਰਤੁ ਨਿੰਦਾ ਬਿਖੁ ਖਾਈ ਦੁਖੁ ਪਾਇਆ॥
(ਰਾਗ ਮਲਾਰ, ਗੁਰੂ ਨਾਨਕ)

ਸੱਚ ਦਾ ਗਿਆਨ ਅਤੇ ਆਤਮ ਪੜਚੋਲ ਤ੍ਰਿਪਤ ਨਹੀਂ ਕਰਦੇ ਅਤੇ ਜ਼ਿੰਦਗੀ ਹਉਮੈ ਕਾਰਣ ਅਜਾਈ ਜਾ ਰਹੀ ਹੈ।
ਜੋ ਦੂਜਿਆਂ ਦੀ ਦੌਲਤ ਅਤੇ ਪਰਾਈ ਨਾਰੀ ਉੱਤੇ ਨਜ਼ਰ ਰਖਦੇ ਹਨ ਅਤੇ ਨਿੰਦਾ ਦਾ ਸੁਆਦ ਮਾਣਦੇ ਹਨ, ਉਹ ਜ਼ਹਿਰ ਖਾ ਰਹੇ ਹਨ ਅਤੇ ਦੁੱਖ ਝੱਲ ਰਹੇ ਹਨ।
(ਰਾਗ ਮਲਾਰ, ਗੁਰੂ ਨਾਨਕ)

ਬੇਕਰਾਰੀ ਮਨੁੱਖ ਦੀ ਢਾਹੂ ਸੋਚ ਦੀ ਬੁਨਿਆਦ ਹੈ ਜੋ ਬਦਇਖ਼ਲਾਕੀ ਦੀ ਜ਼ਰਖ਼ੇਜ਼ ਜ਼ਮੀਨ ਬਣਦੀ ਹੈ। ਆਲਿਮ-ਫ਼ਾਜ਼ਿਲ ਵੀ ਲਾਲਸਾਵਾਂ ਦਾ ਸ਼ਿਕਾਰ ਹੋ ਸਕਦੇ ਹਨ। ਸਦਗੁਣਾਂ ਉੱਤੇ ਉਸਰੀ ਜ਼ਿੰਦਗੀ ਤ੍ਰਿਪਤ ਕਰਨ ਵਾਲਾ ਤਜਰਬਾ ਹੋ ਸਕਦੀ ਹੈ।

ਮੌਜੂਦਾ ਦੌਰ ਵਿੱਚ ਸਿਆਸੀ ਕਾਰਨਾਂ ਕਰ ਕੇ ਸਮੁੰਦਰ ਰਾਹੀਂ ਸ਼੍ਰੀ ਲੰਕਾ ਤੋਂ ਇੰਡੀਆ ਦਾ ਸਫ਼ਰ ਨਾਮੁਮਕਿਨ ਹੈ। ਇਸ ਲਈ ਅਸੀਂ ਹਵਾਈ ਜਹਾਜ਼ ਰਾਹੀਂ ਸ਼੍ਰੀ ਲੰਕਾ ਤੋਂ ਇੰਡੀਆ ਗਏ ਅਤੇ ਧਨੁਸ਼ਕੋਡੀ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਅੱਗੇ ਤੋਰਿਆ।

ਮਿਥਿਹਾਸ ਵਿੱਚ ਦਰਜ ਹੈ ਕਿ ਲੰਕਾ ਦੇ ਨਵੇਂ ਰਾਜਾ ਵਿਭੀਸ਼ਨ ਨੇ ਰਾਮਚੰਦਰ ਨੂੰ ਬੇਨਤੀ ਕੀਤੀ ਕਿ ਉਸ ਦੇ ਰਾਜ ਨੂੰ ਦੁਸ਼ਮਣਾਂ ਤੋਂ ਬਚਾਉਣ ਲਈ ਉਹ ਜਾਂਦੇ ਹੋਏ 'ਸੇਤੂ ਬੰਧ' ਨੂੰ ਤਬਾਹ ਕਰ ਦੇਣ। ਰਾਮਚੰਦਰ ਨੇ ਆਪਣੇ ਧਨੁੱਸ਼ ਵਿੱਚੋਂ ਛੱਡੇ ਤੀਰਾਂ ਨਾਲ ਪੁੱਲ ਤਬਾਹ ਕਰ ਦਿੱਤਾ ਅਤੇ ਇਸ ਅਸਥਾਨ ਦਾ ਨਾਮ 'ਧਨੁਸ਼ਕੋਡੀ' ਪੈ ਗਿਆ ਜਿਸ ਦਾ ਮਾਅਨਾ ਹੈ 'ਧਨੁੱਸ਼ ਦਾ ਅੰਤ'। ਤਸ਼ਬੀਹੀ ਪੱਖੋਂ ਇਹ ਢਾਹੂ ਸੋਚ ਦੇ ਬੰਧਨ ਤੋੜ ਕੇ ਉਸਾਰੂ ਸੋਚ ਦੀ ਰਾਖੀ ਦਾ ਲਖਾਇਕ ਹੈ।

ਅਮਰਦੀਪ ਸਿੰਘ: ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸ਼੍ਰੀ ਲੰਕਾ ਤੋਂ ਇੰਡੀਆ ਵਿੱਚ ਸੇਤੂ ਬੰਧ ਦੀ ਬੰਦਰਗਾਹ ਉੱਤੇ ਉਤਾਰਾ ਕੀਤਾ ਜਿਸ ਨੂੰ ਧਨੁਸ਼ਕੋਡੀ ਵੀ ਕਹਿੰਦੇ ਹਨ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਧਨੁਸ਼ਕੋਡੀ ਤੋਂ ਰਾਮੇਸ਼ਵਰਮ, ਤ੍ਰਿਵੇਂਦਰਮ, ਕੋਟਿਯਮ, ਅੰਨਾਮਲਾਈ ਪਹਾੜੀਆਂ, ਬਿਦਰ, ਨਾਂਦੇੜ ਰਾਹੀਂ ਦੌਲਤਾਬਾਦ ਦਾ ਸਫ਼ਰ ਕੀਤਾ। ਪਹਿਲਾਂ ਉਹ ਧਨੁਸ਼ਕੋਡੀ ਤੋਂ ਰਾਮੇਸ਼ਵਰਮ ਗਏ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅਸੀਂ ਧਨੁਸ਼ਕੋਡੀ ਤੋਂ ਰਾਮੇਸ਼ਵਰਮ ਦੀ ਯਾਤਰਾ ਕਰ ਰਹੇ ਹਾਂ ਅਤੇ ਰਾਮਾਨਾਥਾਸਵਾਮੀ ਮੰਦਿਰ ਜਾ ਰਹੇ ਹਾਂ।

ਰਾਮੇਸ਼ਵਰਮ ਦਾ ਸੰਸਕ੍ਰਿਤ ਵਿੱਚ ਮਾਅਨਾ 'ਰਾਮਚੰਦਰ ਦਾ ਭਗਵਾਨ' ਹੈ ਜਿਸ ਦਾ ਮਤਲਬ ਭਗਵਾਨ ਸ਼ਿਵ ਹੈ। ਰਾਮਾਇਣ ਦੇ ਮਹਾਂਕਾਵਿ ਮੁਤਾਬਕ ਇੱਥੇ ਰਾਮਚੰਦਰ ਨੇ ਭਗਵਾਨ ਸ਼ਿਵ ਅੱਗੇ ਰਾਜਾ ਰਾਵਣ ਨਾਲ ਜੰਗ ਵਿੱਚ ਹੋਈ ਕਿਸੇ ਵੀ ਗ਼ਲਤੀ ਲਈ ਖਿਮਾ ਜਾਚਨਾ ਦੀ ਅਰਦਾਸ ਕੀਤੀ। ਇਹ ਮੰਨਿਆ ਜਾਂਦਾ ਹੈ ਕਿ ਰਾਮਚੰਦਰ ਅਤੇ ਉਨ੍ਹਾਂ ਦੀ ਪਤਨੀ ਸੀਤਾ ਨੇ ਭਗਵਾਨ ਸ਼ਿਵ ਦੀ ਨੁਮਾਇੰਦਗੀ ਕਰਨ ਵਾਲੀ ਸ਼ਿਵਲਿੰਗ ਦੀ ਮੂਰਤੀ ਇੱਥੇ ਸਥਾਪਿਤ ਕਰਵਾਈ ਜੋ ਸ੍ਰੀ ਲੰਕਾ ਤੋਂ ਲਿਆਂਦੇ ਕਾਲੇ ਪੱਥਰ ਦੀ ਬਣੀ ਹੋਈ ਹੈ।

ਅਮਰਦੀਪ ਸਿੰਘ: ਰਾਮੇਸ਼ਵਰਮ ਸ਼ਿਵ ਮਤ ਵਿੱਚ ਤੀਰਥ ਯਾਤਰੀਆਂ ਲਈ ਸਭ ਤੋਂ ਅਹਿਮ ਅਸਥਾਨ ਵਿੱਚ ਸ਼ਾਮਿਲ ਹੈ। ਸ੍ਰੀ ਲੰਕਾ ਤੋਂ ਵਾਪਸੀ ਵੇਲੇ ਗੁਰੂ ਨਾਨਕ ਅਤੇ ਭਾਈ ਮਰਦਾਨਾ ਇਸ ਸ਼ਹਿਰ ਵਿੱਚ 'ਜੋਗੀਆਂ' ਨਾਲ ਗੋਸ਼ਟਿ ਕਰਨ ਆਏ।

ਗੋਸ਼ਟਿ ਦੌਰਾਨ ਜੋਗੀਆਂ ਨੇ ਗੁਰੂ ਨਾਨਕ ਨੂੰ ਸੁਆਲ ਕੀਤਾ ਕਿ ਉਹ 'ਨਿਰਗੁਣ' ਧਾਰਾ ਦੇ ਹੋਣ ਦੇ ਬਾਵਜੂਦ ਰਾਮਾਨਾਥਾਸਵਾਮੀ ਮੰਦਿਰ ਕਿਉਂ ਆਏ ਹਨ। ਉਨ੍ਹਾਂ ਦੀ ਧਾਰਾ ਨਿਰੰਕਾਰ ਨੂੰ ਮੰਨਦੀ ਹੈ ਜਦੋਂ ਕਿ ਇੱਥੇ ਇਲਾਹੀ ਦੀ ਪੂਜਾ 'ਸ਼ਿਵ' ਦੇ ਰੂਪ ਵਿੱਚ ਹੁੰਦੀ ਹੈ। ਜੁਆਬ ਵਿੱਚ ਗੁਰੂ ਨਾਨਕ ਨੇ ਗਾਇਆ,

ਏਕੁ ਨਿਰੰਜਨੁ ਗੁਰਮੁਖਿ ਜਾਤਾ॥
ਦੂਜਾ ਮਾਰਿ ਸਬਦਿ ਪਛਾਤਾ॥
ਏਕੋ ਹੁਕਮੁ ਵਰਤੈ ਸਭ ਲੋਈ॥
ਏਕਸੁ ਤੇ ਸਭ ਓਪਤਿ ਹੋਈ॥
ਰਾਹ ਦੋਵੈ ਖਸਮੁ ਏਕੋ ਜਾਣੁ॥
ਗੁਰ ਕੈ ਸਬਦਿ ਹੁਕਮੁ ਪਛਾਣੁ॥
ਸਗਲ ਰੂਪ ਵਰਨ ਮਨ ਮਾਹੀ॥
ਕਹੁ ਨਾਨਕ ਏਕੋ ਸਾਲਾਹੀ॥
(ਰਾਗੁ ਗਉੜੀ, ਗੁਰੂ ਨਾਨਕ)

ਏਕੇ ਦੀ ਪਾਕ ਸਚਾਈ ਨੂੰ ਵਿਵੇਕੀ ਮਨੁੱਖ ਹੀ ਪਛਾਣ ਸਕਦਾ ਹੈ।
ਦਵੈਤ ਤੋਂ ਕਿਨਾਰਾ ਕਰ ਕੇ ਹੀ ਵਿਵੇਕ ਦਾ ਅਹਿਸਾਸ ਹੋ ਸਕਦਾ ਹੈ।
ਏਕੇ ਵਿੱਚ ਬੰਨ੍ਹਣ ਵਾਲਾ ਇਲਾਹੀ ਹੁਕਮ ਸਰਬ-ਵਿਆਪਕ ਹੈ।
ਇੱਕੋ ਜੋਤ ਤੋਂ ਸਾਰੀ ਕਾਇਨਾਤ ਦੀ ਉਪਜ ਹੁੰਦੀ ਹੈ। ਸਭ ਇੱਕੋ ਸੋਮੇ ਦੀ ਪੈਦਾਇਸ਼ ਹਨ।

ਰਾਹ ਦੋ ਹਨ ਪਰ ਸੱਚ ਇੱਕੋ ਹੈ। ਸਾਰੇ ਰੂਪਾਂ, ਦਿਲਾਂ ਅਤੇ ਜਾਤਾਂ ਵਿੱਚ ਇੱਕੋ ਦਾ ਵਾਸਾ ਹੈ।
ਆਤਮ-ਪਛਾਣ ਦੀ ਵਿਵੇਕ ਰਾਹੀਂ ਕੁਦਰਤ ਦੇ ਨੇਮ ਪਛਾਣੋ।
ਇਹ ਸਭ ਰੂਪਾਂ ਅਤੇ ਵਰਣਾਂ ਦੇ ਦਿਲਾਂ ਵਿੱਚ ਵੱਸਿਆ ਹੈ।
ਨਾਨਕ ਆਖਦੇ ਹਨ ਕਿ ਉਹ ਇੱਕੋ ਹੀ ਵਡਿਆਈ ਦਾ ਪਾਤਰ ਹੈ।
(ਰਾਗੁ ਗਉੜੀ, ਗੁਰੂ ਨਾਨਕ)

ਗੁਰੂ ਨਾਨਕ ਨੇ 'ਜੋਗੀਆਂ' ਦੀ ਕਸ਼ਮਕਸ਼ ਦਾ ਜੁਆਬ ਆਪਣੇ ਵਹਿਦਤ ਦੇ ਫ਼ਲਸਫ਼ੇ ਰਾਹੀਂ ਦਿੱਤਾ। ਉਨ੍ਹਾਂ ਨੇ ਵਹਿਦਤ ਵਿੱਚ ਆਪਣੇ ਯਕੀਨ ਦੀ ਹਮਾਇਤ ਵਿੱਚ ਫ਼ਰਮਾਇਆ ਕਿ ਇੱਕੋ ਤਾਕਤ ਸ਼੍ਰੋਮਣੀ ਹੈ ਜੋ ਨਿਰੰਕਾਰ, ਹਾਜ਼ਰਾ-ਹਜ਼ੂਰ ਅਤੇ ਇੱਕਜੁਟ ਹੈ। ਉਨ੍ਹਾਂ ਨੇ ਸਾਫ਼ ਕੀਤਾ ਕਿ ਉਨ੍ਹਾਂ ਦਾ ਮੰਦਿਰ ਵਿੱਚ ਆਉਣ ਦਾ ਇਰਾਦਾ ਰੂਹਾਨੀਅਤ ਦੇ ਪਾਂਧੀਆਂ ਨਾਲ ਸੰਵਾਦ ਕਰਨਾ ਸੀ।

ਅਸੀਂ ਹੁਣ ਗੁਰੂ ਨਾਨਕ ਦੀ ਯਾਦ ਵਿੱਚ ਬਣੇ ਅਸਥਾਨ 'ਨਾਨਕ ਉਦਾਸੀਨ ਮੱਠ' ਨੂੰ ਜਾ ਰਹੇ ਹਾਂ ਜੋ ਉਨ੍ਹੀਵੀਂ ਸਦੀ ਦੇ ਸ਼ੁਰੂ ਵਿੱਚ ਚੰਦੂ ਲਾਲ ਨੇ ਬਣਾਇਆ ਸੀ। ਚੰਦੂ ਲਾਲ ਹੈਦਰਾਬਾਦ ਦੇ ਨਿਜ਼ਾਮ ਦੇ ਵਜ਼ੀਰ ਸਨ।

ਉਦਾਸੀ ਮਹੰਤ ਨਰਿੰਦਰ ਦਾਸ ਨੇ ਉੱਨੀ ਸੌ ਸੱਤਰਵਿਆਂ ਦੇ ਮੱਧ ਵਿੱਚ ਇਹ ਅਸਥਾਨ ਚੇਨਈ ਦੀ ਸਿੱਖ ਬਰਾਦਰੀ ਦੇ ਹਵਾਲੇ ਕਰ ਦਿੱਤਾ ਸੀ ਜਿੱਥੇ ਹੁਣ ਵਿਸ਼ਾਲ ਗੁਰਦਵਾਰਾ ਬਣਿਆ ਹੋਇਆ ਹੈ। ਇੰਤਜ਼ਾਮੀਆ ਕਮੇਟੀ ਨੇ ਮਹੰਤ ਨਰਿੰਦਰ ਦਾਸ ਦੀ ਬਣਾਈ ਹੋਈ ਯਾਦਗਾਰ ਕਾਇਮ ਰੱਖੀ ਹੈ।

ਗੁਰੂ ਨਾਨਕ ਦਾ ਫ਼ਲਸਫ਼ਾ ਗੁੱਝੇ ਰੂਪ ਵਿੱਚ ਬਹੁਤ ਸਾਰੇ ਲੋਕਾਂ ਦੇ ਦਿਲਾਂ ਵਿੱਚ ਵੱਸਿਆ ਹੋਇਆ ਸੀ ਅਤੇ ਹੈ। ਜ਼ਾਹਰਾ ਰੂਪਾਂ ਦੀਆਂ ਵੰਡੀਆਂ ਏਕੇ ਦਾ ਘੇਰਾ ਤੰਗ ਕਰ ਦਿੰਦੀਆਂ ਹਨ। ਕਈ ਤਰ੍ਹਾਂ ਦੇ ਜ਼ਾਹਰਾ ਰੂਪਾਂ ਵਿੱਚੋਂ ਨਿਰੰਕਾਰ, ਹਾਜ਼ਰਾ-ਹਜ਼ੂਰ ਅਤੇ ਸਰਬ-ਸ਼ਕਤੀਮਾਨ ਦਾ ਇਕਰਾਰੀ ਅਕਸ ਉਭਰਦਾ ਹੈ। ਇਨ੍ਹਾਂ ਰੂਪਾਂ ਦੀ ਗਿਆਨ ਇੰਦਰੀਆਂ ਰਾਹੀਂ ਤੰਦ ਜੁੜਦੀ ਹੈ ਜੋ ਏਕੇ ਦੀ ਗਵਾਹੀ ਭਰਦੀ ਹੈ। ਮਨ ਤਾਂ ਗ਼ਲਤਫ਼ਹਿਮੀਆਂ ਦੀਆਂ ਖੇਡਾਂ ਖੇਡਦਾ ਹੈ।

ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥
ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥
(ਰਾਗ ਧਨਾਸਰੀ, ਗੁਰੂ ਨਾਨਕ)

ਤੇਰੀਆਂ ਅਨੇਕ ਅੱਖਾਂ ਹਨ ਪਰ ਫਿਰ ਵੀ ਤੇਰੀ ਕੋਈ ਅੱਖ ਨਹੀਂ। ਤੇਰੇ ਅਨੇਕ ਰੂਪ ਹਨ ਪਰ ਫਿਰ ਵੀ ਤੇਰਾ ਕੋਈ ਰੂਪ ਨਹੀਂ।
ਤੇਰੇ ਅਨੇਕ ਪੈਰ ਹਨ ਪਰ ਫਿਰ ਵੀ ਤੇਰਾ ਕੋਈ ਪੈਰ ਨਹੀਂ। ਕਿਸੇ ਨੱਕ ਤੋਂ ਬਿਨਾਂ ਹੀ ਤੇਰੇ ਅਨੇਕ ਨੱਕ ਹਨ।
ਮੈਨੂੰ ਤੇਰੀ ਖੇਡ ਨੇ ਮੋਹ ਲਿਆ ਹੈ।
(ਰਾਗ ਧਨਾਸਰੀ, ਗੁਰੂ ਨਾਨਕ)

---

ਗੁਰੂ ਨਾਨਕ ਅਤੇ ਭਾਈ ਮਰਦਾਨਾ ਰਾਮੇਸ਼ਵਰਮ ਤੋਂ ਸਮੁੰਦਰ ਦੇ ਕੰਢੇ-ਕੰਢੇ ਤ੍ਰਿਵੇਂਦਰਮ ਪਹੁੰਚੇ ਜੋ ਮੌਜੂਦਾ ਦੌਰ ਵਿੱਚ ਕੇਰਲ ਸੂਬੇ ਦੀ ਰਾਜਧਾਨੀ ਹੈ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅਸੀਂ ਹੁਣ ਰਾਮੇਸ਼ਵਰਮ ਤੋਂ ਤ੍ਰਿਵੇਂਦਰਮ ਜਾ ਰਹੇ ਹਾਂ।

ਤ੍ਰਿਵੇਂਦਰਮ ਸ਼ਹਿਰ ਦਾ ਨਾਮ 'ਥਿਰੁਵਨੰਥਾਪੁਰਮ' ਤੋਂ ਬਣਿਆ ਹੈ। ਇਸ ਦਾ ਮਾਅਨਾ ਹੈ, ਅਨੰਤ ਦਾ ਅਸਥਾਨ ਜੋ ਭਗਵਾਨ ਵਿਸ਼ਨੂੰ ਦਾ ਹਵਾਲਾ ਹੈ, ਜੋ ਹਿੰਦੂ ਤ੍ਰਿਮੂਰਤੀ ਵਿੱਚ ਪਾਲਣਹਾਰਾ ਹੈ। ਸ਼੍ਰੀ ਪਦਮਾਨਾਭਾਸੁਆਮੀ ਮੰਦਿਰ ਵਿਸ਼ਨੂੰ ਭਗਵਾਨ ਨੂੰ ਮਨਸੂਬ ਹੈ ਅਤੇ ਪੂਰੇ ਭਾਰਤ ਦੇ ਵੈਸ਼ਨਵ ਮਤ ਦੇ ਜ਼ਿਆਰਤੀਆਂ ਲਈ ਖਿੱਚ ਦਾ ਮਰਕਜ਼ ਹੈ।

ਤ੍ਰਿਵੇਂਦਰਮ ਵਿੱਚ ਗੁਰੂ ਨਾਨਕ ਦੀ ਕੋਈ ਯਾਦਗਾਰ ਨਹੀਂ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਤ੍ਰਿਵੇਂਦਰਮ ਤੋਂ ਕੋਟਿਯਮ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅਸੀਂ ਤ੍ਰਿਵੇਂਦਰਮ ਤੋਂ ਕੋਟਿਯਮ ਜਾ ਰਹੇ ਹਾਂ।

ਕੇਰਲ ਸੂਬੇ ਦਾ ਕੋਟਿਯਮ ਸ਼ਹਿਰ ਨਦੀਆਂ ਦੇ ਜਾਲ਼ ਵਿੱਚ ਵੱਸਿਆ ਹੈ। ਇਹ ਅਰਬ ਸਾਗਰ ਵਿੱਚ ਪੈਣ ਵਾਲੇ ਪਾਣੀਆਂ ਲਈ ਮਸ਼ਹੂਰ ਹੈ।

ਕੋਟਿਯਮ ਵਿੱਚ ਗੁਰੂ ਨਾਨਕ ਦੀ ਮੇਜ਼ਬਾਨੀ ਜੋਗੀਆਂ ਦੇ ਡੇਰੇ ਨੇ ਕੀਤੀ।

ਅਮਰਦੀਪ ਸਿੰਘ: ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕੋਟਿਯਮ ਦੀ ਯਾਤਰਾ ਕੀਤੀ। ਜੋਗੀਆਂ ਨਾਲ ਗੋਸ਼ਟਿ ਵਿੱਚ ਗੁਰੂ ਨਾਨਕ ਨੇ ਸਾਂਝ ਦੀ ਅਹਿਮੀਅਤ ਉੱਤੇ ਜ਼ੋਰ ਦਿੱਤਾ।

ਪ੍ਰਚਲਿਤ ਕਥਾ ਅਨੁਸਾਰ 'ਜੋਗੀਆਂ' ਨੇ ਗੁਰੂ ਨਾਨਕ ਨੂੰ ਤਿਲ ਦਾ ਇੱਕ ਬੀਜ ਦੇ ਕੇ ਡੇਰੇ ਵਿੱਚ ਵਰਤਾਉਣ ਲਈ ਕਿਹਾ। ਸ਼ਾਇਦ ਉਹ ਇਹ ਤਵੱਕੋ ਕਰਦੇ ਸਨ ਕਿ ਗੁਰੂ ਨਾਨਕ ਕੋਈ ਕੌਤਕ ਕਰਨਗੇ। ਗੁਰੂ ਨਾਨਕ ਦੀ ਵਿਲੱਖਣਤਾ ਇਹੋ ਸੀ ਕਿ ਉਹ ਆਪਣੇ ਖ਼ਿਆਲਾਂ ਦਾ ਅਸਲਾ, ਅਮਲੀ ਮਿਸਾਲਾਂ ਨਾਲ ਬਿਆਨ ਕਰਦੇ ਸਨ। ਉਨ੍ਹਾਂ ਨੇ ਤਿਲ ਦੇ ਬੀਜ ਨੂੰ ਹੋਰ ਸਮੱਗਰੀ ਵਿੱਚ ਮਿਲਾ ਕੇ ਰਗੜਿਆ ਅਤੇ ਡੇਰੇ ਵਿੱਚ ਵਰਤਾਉਣ ਲਈ ਲੋੜੀਂਦੀ ਮਿਕਦਾਰ ਤਿਆਰ ਕਰ ਲਈ। ਸਾਂਝ ਦੇ ਅਸੂਲ ਨੂੰ ਹੋਰ ਤਫ਼ਸੀਲ ਨਾਲ ਸਮਝਾਉਂਦੇ ਹੋਏ ਉਨ੍ਹਾਂ ਨੇ ਕਿਹਾ ਕਿ ਜੇ ਸਾਂਝ ਪਾਉਣ ਦਾ ਇਰਾਦਾ ਹੋਵੇ ਤਾਂ ਸਾਂਝੀ ਕੀਤੀ ਜਾਣ ਵਾਲੀ ਸ਼ੈਅ ਦੀ ਮਿਕਦਾਰ ਬੇਮਾਅਨਾ ਹੈ, ਇਹ ਭਾਵੇਂ ਕੋਈ ਵਸਤ ਹੋਵੇ ਜਾਂ ਗਿਆਨ ਹੋਵੇ।

ਜੇ ਗੁਣ ਹੋਵਨ੍ਹਿ ਸਾਜਨਾ ਮਿਲਿ ਸਾਝ ਕਰੀਜੈ॥
ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ॥
(ਰਾਗ ਸੂਹੀ, ਗੁਰੂ ਨਾਨਕ)

ਜੇ ਤੇਰੇ ਕੋਲ ਗੁਣ ਹਨ ਤਾਂ ਹੇ ਸੱਜਣ, ਮਿਲ ਕੇ ਉਨ੍ਹਾਂ ਦੀ ਸਾਂਝ ਪਾਓ।
ਚਲੋ ਸਾਂਝ ਦੀ ਜੋਟੀ ਪਾਉਣ ਅਤੇ ਗੁਣ ਵੰਡਣ ਵਾਲੇ ਰਾਹ ਉੱਤੇ ਚੱਲੀਏ ਅਤੇ ਅਵਗੁਣਾਂ ਤੋਂ ਛੁਟਕਾਰਾ ਪਾਈਏ।
(ਰਾਗ ਸੂਹੀ, ਗੁਰੂ ਨਾਨਕ)

ਪੰਡਿਤ ਤਾਰਾ ਸਿੰਘ ਨਰੋਤਮ ਨੇ ਆਪਣੀ ਕਿਤਾਬ 'ਗੁਰੂ ਤੀਰਥ ਸੰਗ੍ਰਹਿ' ਵਿੱਚ ਦਰਜ ਕੀਤਾ ਹੈ ਕਿ 'ਉਦਾਸੀ' ਸੰਪਰਦਾਇ ਨੇ ਗੁਰੂ ਨਾਨਕ ਦੀ ਆਮਦ ਦੀ ਯਾਦਗਾਰ ਵਜੋਂ ਕੋਟਿਯਮ ਦੇ ਇਲਾਕੇ ਵਿੱਚ ਤਿਲਗੰਜੀ ਸਾਹਿਬ ਗੁਰਦਵਾਰਾ ਬਣਾਇਆ ਸੀ। ਇਸ ਅਸਥਾਨ ਨੂੰ ਕੁੰਡੀਕੁਟਲਮ ਵੀ ਕਿਹਾ ਜਾਂਦਾ ਸੀ। ਹੁਣ ਉਸ ਅਸਥਾਨ ਦੀ ਕੋਈ ਨਿਸ਼ਾਨੀ ਨਹੀਂ ਮਿਲਦੀ।

ਵੀਹਵੀਂ ਸਦੀ ਦੇ ਸ਼ੁਰੂ ਵਿੱਚ ਗੁਰੂ ਨਾਨਕ ਦੀ ਜਾਤ-ਪਾਤ ਦੇ ਖ਼ਿਲਾਫ਼ ਆਵਾਜ਼ ਦੇ ਅਸਰ ਹੇਠ ਕੇਰਲ ਸੂਬੇ ਦੇ ਤਿੰਨ ਸੌ ਪਰਿਵਾਰਾਂ ਨੇ ਸਿੱਖ ਪਛਾਣ ਵਾਲੇ ਫ਼ਲਸਫ਼ੇ ਨੂੰ ਅਪਣਾ ਲਿਆ ਸੀ। ਇਹ ਬਰਾਦਰੀ ਹੌਲੀ-ਹੌਲੀ ਅਲੋਪ ਹੋ ਗਈ। ਅਸੀਂ ਮੁਕਾਮੀ ਬਾਸ਼ਿੰਦੇ ਲੈਫ਼ਟੀਨੈਂਟ ਕਰਨਲ ਲਖਵੀਰ ਸਿੰਘ ਦੇ ਘਰ ਜਾ ਰਹੇ ਹਾਂ ਜਿਨ੍ਹਾਂ ਦੇ ਪੁਰਖਿਆਂ ਨੇ ਸਿੱਖ ਧਰਮ ਅਪਣਾਇਆ ਸੀ।

ਲਖਵੀਰ ਸਿੰਘ: ਗੁਰੂ ਨਾਨਕ ਦੇਵ ਜੀ ਕਾਇਨਾਤੀ ਗੁਰੂ ਸਨ। ਉਨ੍ਹਾਂ ਦਾ ਆਪਣਾ ਫ਼ਲਸਫ਼ਾ ਸੀ। ਉਹ ਕਰਮ-ਕਾਂਡ ਦੇ ਖ਼ਿਲਾਫ਼ ਸਨ ਅਤੇ ਉਨ੍ਹਾਂ ਨੇ ਰੂਹਾਨੀਅਤ ਦਾ ਧੁਰਾ ਫੜਿਆ ਸੀ। ਉਹ ਸਭ ਲੋਕਾਂ ਨੂੰ ਇੱਕੋ ਨਜ਼ਰ ਨਾਲ ਵੇਖਣਾ ਚਾਹੁੰਦੇ ਸਨ। ਮਜ਼ਹਬ, ਲਿੰਗ, ਜਾਤ ਜਾਂ ਕਿਸੇ ਹੋਰ ਬੁਨਿਆਦ ਉੱਤੇ ਵਿਤਕਰਾ ਨਹੀਂ ਕਰਦੇ ਸਨ।

ਲੈਫ਼ਟੀਨੈਂਟ ਕਰਨਲ ਲਖਵੀਰ ਸਿੰਘ ਸ਼ਾਇਦ ਕੇਰਲ ਦੇ ਮੁਕਾਮੀ ਸਿੱਖਾਂ ਵਿੱਚ ਆਖ਼ਰੀ ਹਨ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਕੋਟਿਯਮ ਤੋਂ ਉੱਤਰ ਵਾਲੇ ਪਾਸੇ ਨੂੰ ਅੰਨਾਮਲਾਈ ਪਹਾੜੀਆਂ ਦਾ ਸਫ਼ਰ ਕੀਤਾ ਜੋ ਕੇਰਲ ਅਤੇ ਤਾਮਿਲ ਨਾਡੂ ਦੀ ਸਰਹੱਦ ਉੱਤੇ ਪੈਂਦੀਆਂ ਹਨ।

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਕੋਟਿਯਮ ਤੋਂ ਅੰਨਾਮਲਾਈ ਪਹਾੜੀਆਂ ਵੱਲ ਜਾ ਰਹੇ ਹਾਂ।

ਇਸ ਇਲਾਕੇ ਦੀਆਂ ਵਾਦੀਆਂ ਵਿੱਚ ਅਤੇ ਦਰਿਆ ਕਿਨਾਰਿਆਂ ਉੱਤੇ ਘਣਾ ਜੰਗਲ ਹੈ। ਇਨ੍ਹਾਂ ਪਹਾੜੀਆਂ ਦੀਆਂ ਨੀਵੀਂਆਂ ਢਲਾਨਾਂ ਉੱਤੇ ਮੂਲਵਾਸੀ ਕਬੀਲਾ ਆਬਾਦ ਸੀ, ਜਿਸ ਦਾ ਨਾਮ 'ਕਡਾਨ' ਸੀ, ਜਿਸ ਦਾ ਮਾਅਨਾ ਪਹਾੜੀਆਂ ਦੇ ਮਾਲਿਕ ਹੈ। 'ਕਡਾਨ' ਲੋਕਾਂ ਨੂੰ 'ਕੌਅਡਾ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਦਾ ਬਾਹਰਲੀ ਦੁਨੀਆ ਨਾਲ ਬਹੁਤ ਘੱਟ ਰਾਬਤਾ ਸੀ ਜਿਸ ਕਾਰਨ ਇਨ੍ਹਾਂ ਦਾ ਮਿਜ਼ਾਜ ਹੀ ਆਪਾਮੁਖੀ ਹੋ ਗਿਆ। ਇਹ ਸ਼ਾਇਦ ਦੱਖਣੀ ਭਾਰਤ ਦੇ ਸਭ ਤੋਂ ਪੁਰਾਣੇ ਬਾਸ਼ਿੰਦੇ ਹਨ। ਇਨ੍ਹਾਂ ਦੇ ਕੱਦ ਮਧਰੇ, ਬੁੱਲ੍ਹ ਮੋਟੇ ਅਤੇ ਜਟਾਵਾਂ ਹਨ। ਇਹ ਜੰਗਲ ਵਿੱਚੋਂ ਆਪਣੀ ਖ਼ੁਰਾਕ ਇਕੱਠੀ ਕਰਦੇ ਹਨ ਅਤੇ ਗੁਫ਼ਾਵਾਂ ਜਾਂ ਘਾਹ-ਫੂਸ ਦੇ ਢਾਰਿਆਂ ਵਿੱਚ ਗੁਜ਼ਾਰਾ ਕਰਦੇ ਹਨ।

ਜਦੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਇਸ ਇਲਾਕੇ ਵਿੱਚੋਂ ਲੰਘ ਰਹੇ ਸਨ ਤਾਂ ਉਹ ਖ਼ੁਰਾਕ ਦੀ ਭਾਲ ਵਿੱਚ ਜੰਗਲ ਵਿੱਚ ਗਏ। ਉਨ੍ਹਾਂ ਨੂੰ ਘੁਸਪੈਠੀਏ ਸਮਝ ਕੇ ਇੱਕ 'ਕੌਅਡਾ' ਜੀਅ ਨੇ ਭਾਈ ਮਰਦਾਨਾ ਨੂੰ ਬੰਦੀ ਬਣਾ ਲਿਆ। ਗੁਰੂ ਨਾਨਕ ਨੇ ਉਨ੍ਹਾਂ ਨੂੰ ਆਪਣੇ ਆਉਣ ਦਾ ਕਾਰਨ ਸਮਝਾਇਆ ਅਤੇ ਭਾਈ ਮਰਦਾਨਾ ਨੂੰ ਵੇਲੇ ਸਿਰ ਕਿਸੇ ਤਰ੍ਹਾਂ ਦੇ ਨੁਕਸਾਨ ਤੋਂ ਬਚਾ ਲਿਆ। ਉਨ੍ਹਾਂ ਆਖਿਆ ਕਿ ਖ਼ੌਫ਼ ਸੋਚ ਅਤੇ ਫ਼ੈਸਲਿਆਂ ਉੱਤੇ ਭਾਰੂ ਪੈਂਦਾ ਹੈ। ਜਦੋਂ ਅਸੀਂ ਇੱਕੋ ਫ਼ਿਜ਼ਾ ਦਾ ਹਿੱਸਾ ਹਾਂ ਤਾਂ ਆਪਣੇ ਹਮਸਾਇਆਂ ਤੋਂ ਕਿਉਂ ਖ਼ੌਫ਼ਜ਼ਦਾ ਹਾਂ?

ਗੁਰੂ ਨਾਨਕ ਦੇ ਸ਼ਬਦਾਂ ਦੀ ਸੰਜੀਦਗੀ ਦਾ ਅਹਿਸਾਸ ਹੋਣ ਨਾਲ 'ਕੌਅਡਾ' ਕਬੀਲੇ ਨੇ ਭਾਈ ਮਰਦਾਨਾ ਨੂੰ ਰਿਹਾਅ ਕਰ ਦਿੱਤਾ। ਗੁਰੂ ਨਾਨਕ ਦੇ ਸ਼ਬਦਾਂ ਨੇ 'ਕਡਾਨ' ਲੋਕਾਂ ਦੇ ਦਿਲ ਨੂੰ ਟੁੰਭਿਆ। ਕਿਹਾ ਜਾਂਦਾ ਹੈ ਕਿ ਉਸ ਤੋਂ ਬਾਅਦ ਇਸ ਕਬੀਲੇ ਦਾ ਮਿਜ਼ਾਜ ਘੱਟ ਆਪਾਮੁਖੀ ਹੋ ਗਿਆ ਅਤੇ ਆਜ਼ਾਦ-ਖ਼ਿਆਲੀ ਵਿੱਚ ਵਾਧਾ ਹੋਇਆ।

ਭੈ ਵਿਚਿ ਆਵਹਿ ਜਾਵਹਿ ਪੂਰ॥
ਸਗਲਿਆ ਭਉ ਲਿਖਿਆ ਸਿਰਿ ਲੇਖੁ॥
ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ॥
(ਰਾਗ ਆਸਾ, ਗੁਰੂ ਨਾਨਕ)

ਭੈ ਵਿੱਚ ਬਹੁਤ ਆਉਂਦੇ-ਜਾਂਦੇ ਹਨ।
ਹਰ ਤਰ੍ਹਾਂ ਦੇ ਭੈ ਮਨੁੱਖ ਦੀ ਆਪਣੀ ਵਜ਼ਾਹਤ ਮੁਤਾਬਕ ਹੀ ਉਸ ਨੂੰ ਪੈਂਦੇ ਹਨ।
ਨਾਨਕ ਨੇ ਫ਼ਰਮਾਇਆ ਕਿ ਨਿਰਭਉ ਅਤੇ ਨਿਰੰਕਾਰ ਹੀ ਇੱਕੋ-ਇੱਕ ਸੱਚ ਹੈ।
(ਰਾਗ ਆਸਾ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਅੰਨਾਮਲਾਈ ਪਹਾੜੀਆਂ ਤੋਂ ਬਿਦਰ ਦਾ ਸਫ਼ਰ ਕੀਤਾ, ਜੋ ਕਰਨਾਟਕ ਸੂਬੇ ਦੇ ਉੱਤਰ-ਪੂਰਬ ਹਿੱਸੇ ਵਿੱਚ ਪਹਾੜੀ ਸਿਖ਼ਰ ਉੱਤੇ ਵੱਸਿਆ ਸ਼ਹਿਰ ਹੈ।

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਅੰਨਾਮਲਾਈ ਪਹਾੜੀਆਂ ਤੋਂ ਬਿਦਰ ਜਾ ਰਹੇ ਹਾਂ।

ਇਹ ਇਲਾਕਾ ਕਦੇ ਬਾਂਸ ਦਾ ਸੰਘਣਾ ਜੰਗਲ ਸੀ। ਬਿਦਰ ਸ਼ਬਦ ਵੀ 'ਬਿਦਿਰੂ' ਤੋਂ ਬਣਿਆ ਹੈ ਜਿਸ ਦਾ ਮਾਅਨਾ ਬਾਂਸ ਹੈ। ਬਿਦਰ ੨੦੦ ਸਾਲ ਤੱਕ ਬਾਹਮਨੀ ਸਲਤਨਤ ਦਾ ਹਿੱਸਾ ਸੀ ਜੋ ਦੱਖਣੀ ਭਾਰਤ ਦੇ ਦੱਖਣ ਵਿੱਚ ਪਰਸ਼ੀਆਈ ਇਸਲਾਮੀ ਰਾਜ ਸੀ। ਜਦੋਂ ਸੋਲ੍ਹਵੀਂ ਸਦੀ ਦੇ ਸ਼ੁਰੂ ਵਿੱਚ ਗੁਰੂ ਨਾਨਕ ਬਿਦਰ ਪਹੁੰਚੇ ਤਾਂ ਬਾਹਮਨੀ ਸਲਤਨਤ ਦੀ ਹਾਲਤ ਖ਼ਸਤਾ ਸੀ ਅਤੇ ਇਸ ਇਲਾਕੇ ਉੱਤੇ ਪਿਛਲੇ ਬੂਹੇ ਤੋਂ ਅਮੀਰ ਬੈਰਦ ਸ਼ਾਹ ਦੀ ਪਕੜ ਬਣ ਗਈ ਸੀ। ਉਸ ਦੌਰ ਦੇ ਹੁਕਮਰਾਨ ਦੀਆਂ ਨਿਸ਼ਾਨੀਆਂ ਹੁਣ ਵੀ ਸ਼ਹਿਰ ਦੇ ਨਕਸ਼ ਉਘਾੜਦੀਆਂ ਹਨ।

ਹਰਿ ਬਿਨੁ ਕਿਉ ਧੀਰੈ ਮਨੁ ਮੇਰਾ॥
ਕੋਟਿ ਕਲਪ ਕੇ ਦੂਖ ਬਿਨਾਸਨ ਸਾਚੁ ਦ੍ਰਿੜਾਇ ਨਿਬੇਰਾ॥

(ਰਾਗ ਸਾਰੰਗ, ਗੁਰੂ ਨਾਨਕ)

ਆਤਮ-ਪੜਚੋਲ ਤੋਂ ਬਿਨਾਂ ਮੇਰਾ ਮਨ ਧੀਰਾ ਕਿਵੇਂ ਹੋ ਸਕਦਾ ਹੈ?
ਗੁਨਾਹ ਅਤੇ ਪਾਪ ਦੇ ਬੇਅੰਤ ਅਹਿਸਾਸ ਤੋਂ ਛੁਟਕਾਰਾ ਤਾਂ ਸੱਚ ਦੇ ਸਮਝ ਆਉਣ ਨਾਲ ਹੀ ਹੋ ਸਕਦਾ ਹੈ।
(ਰਾਗ ਸਾਰੰਗ, ਗੁਰੂ ਨਾਨਕ)

ਗ਼ੈਰ-ਮਹਿਫ਼ੂਜ਼ੀਅਤ ਰਾਹੀਂ ਤਾਕਤ ਦੀ ਲਾਲਸਾ ਦਾ ਇਜ਼ਹਾਰ ਹੁੰਦਾ ਹੈ। ਲੋਕ ਆਪਣੀ ਹਉਮੈ ਨੂੰ ਤਸੱਲੀ ਦੇਣ ਲਈ ਦੂਜਿਆਂ ਨੂੰ ਜੰਗ ਜਾਂ ਨਫ਼ਸਿਆਤੀ ਹਮਲੇ ਰਾਹੀਂ ਨਿਤਾਣਾ ਕਰਦੇ ਹਨ। ਕਦੇ ਆਪਣੀ ਤਾਕਤ ਦੇ ਨੁਮਾਇਸ਼ ਕਰਨ ਲਈ ਬਣਾਈਆਂ ਗਈਆਂ, ਪਰ ਹੁਣ ਖੰਡਰ ਬਣ ਗਈਆਂ ਇਨ੍ਹਾਂ ਇਮਾਰਤਾਂ ਤੋਂ ਮੈਂ ਕੀ ਸਿੱਖ ਸਕਦਾ ਹਾਂ?

ਗੁਰੂ ਨਾਨਕ ਨੇ ਫ਼ਰਮਾਇਆ ਹੈ ਕਿ ਹਉਮੈ ਤੋਂ ਪੈਦਾ ਹੋਈਆਂ ਸ਼ਿਕਾਇਤਾਂ ਦਾ ਨਿਵਾਰਨ ਇਸ ਅਹਿਸਾਸ ਨਾਲ ਹੀ ਹੋ ਸਕਦਾ ਹੈ ਕਿ ਲਾਲਸਾਵਾਂ ਵਕਤੀ ਇਜ਼ਹਾਰ ਹਨ। ਇਸ ਲਈ ਮਨ ਦਾ ਮੁਹਾਣ ਇਤਫ਼ਾਕ ਪੈਦਾ ਕਰਨ ਦੇ ਤਰੱਦਦ ਨਾਲ ਮੋੜਨਾ ਚਾਹੀਦਾ ਹੈ।

ਅਸੀਂ ਬਿਦਰ ਵਿੱਚ ਇਤਿਹਾਸਕ ਨਾਨਕ ਝੀਰਾ ਗੁਰਦਵਾਰਾ ਜਾ ਰਹੇ ਹਾਂ।

(ਕੀਰਤਨ)

ਇਹ ਦਿਲ ਨੂੰ ਟੁੰਭਣ ਵਾਲਾ ਹੈ ਕਿ ਸਾਰੀਆਂ ਬਰਾਦਰੀਆਂ ਦੇ ਲੋਕ ਇਸ ਗੁਰਦਵਾਰੇ ਵਿੱਚ ਸਿਜਦਾ ਕਰਨ ਆਉਂਦੇ ਹਨ।

ਅਮਰਦੀਪ ਸਿੰਘ: ਬਿਦਰ ਦੇ ਗੁਰਦਵਾਰੇ ਵਿੱਚ ਪਾਣੀ ਦਾ ਝਰਨਾ ਗੁਰੂ ਨਾਨਕ ਅਤੇ ਭਾਈ ਮਰਦਾਨਾ ਦੇ ਇਸ ਸ਼ਹਿਰ ਵਿੱਚ ਆਉਣ ਦੀ ਯਾਦ ਦਵਾਉਂਦਾ ਹੈ। ਸਿੱਖ ਅਤੇ ਹਿੰਦੂ ਇਸ ਅਸਥਾਨ ਨੂੰ ਨਾਨਕ ਝੀਰਾ ਕਹਿੰਦੇ ਹਨ ਅਤੇ ਮੁਸਲਮਾਨ ਇਸ ਨੂੰ ਚਸ਼ਮਾਇ-ਸ਼ਾਹਦਾ ਆਖਦੇ ਹਨ।

ਦੱਸਿਆ ਜਾਂਦਾ ਹੈ ਕਿ ਬਿਦਰ ਵਿੱਚ ਨਾਨਕ ਝੀਰਾ ਗੁਰਦਵਾਰੇ ਦੇ ਲਾਗੇ ਵਾਲੇ ਮਜ਼ਾਰ ਦੋ ਮੁਸਲਮਾਨ ਫ਼ਕੀਰਾਂ, ਜਲਾਲ-ਉਦ-ਦੀਨ ਅਤੇ ਸਈਅਦ ਯਾਕੂਬ ਅਲੀ ਦੇ ਹਨ।

ਚਾਰ ਤਰ੍ਹਾਂ ਦੇ ਰੂਹਾਨੀਅਤ ਦੇ ਆਰਜ਼ੂਮੰਦਾਂ ਨੇ ਆਪਣੇ ਗੋਸ਼ਟਿ ਵਿੱਚ ਸਾਂਝਾ ਕੀਤਾ ਕਿ ਉਨ੍ਹਾਂ ਦੀਆਂ ਆਪਣੀਆਂ-ਆਪਣੀਆਂ ਮਨੌਤਾਂ ਨਾਲ ਜੁੜੇ ਲੋਕਾਂ ਦੇ ਝੁਕਾਅ ਅਤੇ ਖ਼ਿਆਲ ਵਿੱਚ ਕਾਣ ਕਿਸ ਤਰ੍ਹਾਂ ਦੇ ਹਨ। ਲੋਕ ਹਉਮੈਂ ਵਿੱਚ ਆਪਣੇ ਮਜ਼ਹਬ ਦੀ ਸ਼ਾਨ ਵਧਾਉਂਦੇ ਹੋਏ ਦੂਜੇ ਦੇ ਮਜ਼ਹਬ ਦੀ ਹੇਠੀ ਕਰਦੇ ਹਨ। ਇਹ ਇੱਜੜ ਵਾਲੀ ਜ਼ਹਿਨੀਅਤ ਲੋਕਾਂ ਵਿੱਚ ਵੰਡੀ ਪਾਉਂਦੀ ਹੈ ਅਤੇ ਦਰਜਾਬੰਦੀ ਕਰਦੀ ਹੈ ਜਿਸ ਨਾਲ ਉਨ੍ਹਾਂ ਦੀ ਮਨੁੱਖਤਾ ਦੇ ਏਕੇ ਅਤੇ ਆਪਸੀ ਰਾਬਤੇ ਨੂੰ ਸਮਝਣ ਵਾਲੀ ਸਲਾਹੀਅਤ ਕਮਜ਼ੋਰ ਹੁੰਦੀ ਹੈ।

---

ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ॥
ਓਇ ਜਿ ਆਖਹਿ ਸੁ ਤੂੰਹੈ ਜਾਣਹਿ ਤਿਨਾ ਭਿ ਤੇਰੀ ਸਾਰ॥
ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ॥
ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ॥
(ਰਾਗ ਆਸਾ, ਗੁਰੂ ਨਾਨਕ)

ਜਲ, ਥਲ ਅਤੇ ਸਮੁੱਚੀ ਸ੍ਰਿਸ਼ਟੀ ਵਿੱਚ ਜੀਵਨ ਦਾ ਵਾਸਾ ਹੈ ਜਿਸ ਦਾ ਰੂਪ, ਆਕਾਰ ਵੀ ਹੈ ਅਤੇ ਨਿਰੰਕਾਰ ਵੀ।
ਉਹ ਜੋ ਕਹਿੰਦੇ ਹਨ, ਉਹ ਹਾਜ਼ਰਾ ਹਜ਼ੂਰ ਜਾਣਦਾ ਹੈ, ਉਹ ਆਪ ਵੀ ਉਸ ਦੀ ਹਾਜ਼ਰੀ ਤੋਂ ਜਾਣੂ ਹਨ।
ਨਾਨਕ ਨੇ ਫ਼ਰਮਾਇਆ ਕਿ ਭਗਤਾਂ ਨੂੰ ਹਾਜ਼ਰਾ-ਹਜ਼ੂਰ ਦੀ ਸਲਾਹੀਅਤ ਦੀ ਭੁੱਖ ਹੈ ਅਤੇ ਸੱਚ ਉਨ੍ਹਾਂ ਦੀ ਬੁਨਿਆਦ ਹੈ।
ਉਹ ਦਿਨ-ਰਾਤ ਸਦੀਵੀ ਆਨੰਦ ਮਾਣਦੇ ਹਨ। ਮੈਂ ਉਨ੍ਹਾਂ ਗੁਣਵੰਤਿਆਂ ਦੇ ਚਰਨਾਂ ਦੀ ਧੂੜ ਹਾਂ। ਮੈਂ ਉਨ੍ਹਾਂ ਗੁਣਵੰਤਿਆਂ ਦੇ ਚਰਨਾਂ ਦੀ ਧੂੜ ਹਾਂ।
(ਰਾਗ ਆਸਾ, ਗੁਰੂ ਨਾਨਕ)

ਗੁਰੂ ਨਾਨਕ ਨੇ ਆਖਿਆ ਕਿ ਉਹ ਉਨ੍ਹਾਂ ਲੋਕਾਂ ਦਾ ਸਤਿਕਾਰ ਕਰਦੇ ਹਨ ਜਿਨ੍ਹਾਂ ਨੂੰ ਏਕੇ ਦਾ ਸੱਚ ਸਮਝ ਆ ਗਿਆ ਹੈ ਅਤੇ ਆਨੰਦਮਈ ਜ਼ਿੰਦਗੀ ਗੁਜ਼ਾਰਦੇ ਹਨ।

ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਉੱਤਰ ਵਾਲੇ ਪਾਸੇ ਜਾ ਰਹੇ ਹਾਂ। ਉਨ੍ਹਾਂ ਦੇ ਪਦਚਿੰਨ੍ਹਾਂ ਤੋਂ ਕੁਝ ਵਲ਼ ਪਾ ਕੇ ਅਸੀਂ ਭਗਤ ਤ੍ਰਿਲੋਚਨ ਦੀਆਂ ਯਾਦਾਂ ਨਾਲ ਸਾਂਝ ਪਾਉਣ ਲਈ ਬਾਰਸ਼ੀ ਜਾ ਰਹੇ ਹਾਂ। ਭਗਤ ਤ੍ਰਿਲੋਚਨ ਸੰਤ ਸਨ ਜਿਨ੍ਹਾਂ ਦਾ ਫ਼ਲਸਫ਼ਾ ਗੁਰੂ ਨਾਨਕ ਨਾਲ ਮੇਲ਼ ਖਾਂਦਾ ਹੈ।

ਭਗਤ ਤ੍ਰਿਲੋਚਨ ਦਾ ਜਨਮ ਬਾਰਾਂ ਸੌ ਉਣੱਤਰ ਈਸਵੀ ਵਿੱਚ ਸੌਦਾਗਰ ਬਰਾਦਰੀ ਦੇ ਘਰ ਹੋਇਆ। ਹਿੰਦੂ ਜਾਤ ਪ੍ਰਥਾ ਮੁਤਾਬਕ ਉਹ 'ਵੈਸ਼' ਸਨ ਜੋ ਤਿੰਨ ਉੱਚ ਜਾਤਾਂ ਵਿੱਚ ਸ਼ੁਮਾਰ ਹਨ। ਭਗਤ ਤ੍ਰਿਲੋਚਨ ਦੇ ਜਨਮ ਅਸਥਾਨ ਬਾਰੇ ਕੋਈ ਸਹਿਮਤੀ ਨਹੀਂ ਹੈ। ਕੁਝ ਇਤਿਹਾਸਕਾਰਾਂ ਦਾ ਦਾਵਾ ਹੈ ਕਿ ਉਨ੍ਹਾਂ ਦਾ ਪਿੰਡ ਮਹਾਰਾਸ਼ਟਰ ਸੂਬੇ ਵਿੱਚ ਬਾਰਸ਼ੀ ਸੀ। ਕੁਝ ਹੋਰਾਂ ਨੇ ਜ਼ਿਕਰ ਕੀਤਾ ਹੈ ਕਿ ਉਨ੍ਹਾਂ ਦਾ ਜਨਮ ਉੱਤਰ ਪ੍ਰਦੇਸ਼ ਵਿੱਚ ਹੋਇਆ ਪਰ ਉਨ੍ਹਾਂ ਨੇ ਆਪਣਾ ਜੀਵਨ ਬਾਰਸ਼ੀ ਵਿੱਚ ਗੁਜ਼ਾਰਿਆ। ਬਾਰਸ਼ੀ ਵਿੱਚ ਭਗਤ ਤ੍ਰਿਲੋਚਨ ਨਾਲ ਜੁੜਿਆ ਕੋਈ ਮੰਦਿਰ ਨਹੀਂ ਹੈ।

ਭਗਤ ਤ੍ਰਿਲੋਚਨ ਇਨਕਲਾਬੀ 'ਭਗਤੀ' ਲਹਿਰ ਦੇ ਤਰਜਮਾਨ ਸਨ। ਉਨ੍ਹਾਂ ਦੇ ਨਾਮ ਤ੍ਰਿਲੋਚਨ ਦਾ ਮਾਅਨਾ ਹੈ, 'ਤਿੰਨ ਅੱਖਾਂ ਵਾਲਾ' ਅਤੇ ਉਨ੍ਹਾਂ ਦੀ ਰੂਹਾਨੀ ਨਜ਼ਰ ਸਮਾਜਿਕ ਐਬ ਪਛਾਣਦੀ ਸੀ। ਭਗਤ ਤ੍ਰਿਲੋਚਨ ਨੇ ਕਰਮ-ਕਾਂਡ ਦੀ ਮੁਜ਼ੱਮਤ ਕੀਤੀ। ਮਜ਼ਹਬੀ ਲਿਬਾਸ ਧਾਰਨ ਕਰਨ ਉੱਤੇ ਦਿੱਤੀ ਵਾਧੂ ਤਵੱਕੋ ਅਤੇ ਰੂਹਾਨੀ ਜ਼ਿੰਦਗੀ ਜਿਉਣ ਲਈ ਗ੍ਰਹਿਸਤ ਦੇ ਤਿਆਗ ਦੀ ਸ਼ਰਤ ਖ਼ਿਲਾਫ਼ ਉਨ੍ਹਾਂ ਨੇ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਨੇ ਮੁਕਤੀ ਦੇ ਰਾਹ ਵਜੋਂ ਰੂਹਾਨੀਅਤ ਦੇ ਆਰਜ਼ੂਮੰਦਾਂ ਵਿੱਚ ਸੰਗਤ ਦੀ ਵਜ਼ਾਹਤ ਕੀਤੀ। ਗੁਰੂ ਨਾਨਕ ਅਤੇ ਭਗਤ ਤ੍ਰਿਲੋਚਨ ਦੇ ਜੀਵਨ ਕਾਲ ਵਿੱਚ ਸਦੀਆਂ ਦੀ ਵਿੱਥ ਸੀ ਪਰ ਉਨ੍ਹਾਂ ਦੇ ਫ਼ਲਸਫ਼ਿਆਂ ਵਿੱਚ ਸਾਂਝ ਸੀ।

ਭਗਤ ਤ੍ਰਿਲੋਚਨ ਦੇ ਸ਼ਬਦ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਇੱਕ ਸ਼ਬਦ ਵਿੱਚ ਭਗਤ ਤ੍ਰਿਲੋਚਨ ਲਿਖਦੇ ਹਨ,

ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ॥
ਲਖ ਚਉਰਾਸੀਹ ਜਿਨ੍ਹਿ ਉਪਾਈ ਸੋ ਸਿਮਰਹੁ ਨਿਰਬਾਣੀ॥
ਕਾਇ ਕਮੰਡਲੁ ਕਾਪੜੀਆ ਰੇ ਅਠਸਠਿ ਕਾਇ ਫਿਰਾਹੀ॥
ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣ ਬਿਨੁ ਗਾਹੁ ਕਿ ਪਾਹੀ॥
(ਰਾਗ ਗੂਜਰੀ, ਭਗਤ ਤ੍ਰਿਲੋਚਨ)

ਕਿਉਂ ਜਪ ਕਰਨਾ ਹੈ ਅਤੇ ਕਿਉਂ ਤਪ ਕਰਨਾ ਹੈ ਅਤੇ ਪਾਣੀ ਕਿਉਂ ਰਿੜਕਣਾ ਹੈ?
ਨਿਰੰਜਣ ਸਿਰਜਣਹਾਰ ਦਾ ਧਿਆਨ ਧਰੋ ਜਿਸ ਨੇ ਬਹੁ-ਰੂਪੀ ਜ਼ਿੰਦਗੀ ਸਾਜੀ ਹੈ।
ਮਜ਼ਹਬੀ ਲਿਬਾਸ ਪਾ ਕੇ ਕਮੰਡਲ ਕਿਉਂ ਚੁੱਕਣਾ ਹੈ ਅਤੇ ਅਠਾਹਟ ਤੀਰਥ ਕਿਉਂ ਕਰਨੇ ਹਨ?
ਤ੍ਰਿਲੋਚਨ ਨੇ ਫ਼ਰਮਾਇਆ ਕਿ ਸੁਣ ਓ ਫ਼ਾਨੀ ਮਨੁੱਖ! ਉਹ ਫਸਲਾਂ ਕਿਉਂ ਗਾਹੁੰਦਾ ਹੈਂ ਜਿਨ੍ਹਾਂ ਵਿੱਚ ਦਾਣਾ ਹੀ ਨਹੀਂ?
(ਰਾਗ ਗੂਜਰੀ, ਭਗਤ ਤ੍ਰਿਲੋਚਨ)

ਅੰਦਰੂਨੀ ਤਬਦੀਲੀ ਦੀ ਕੀਮਤ ਉੱਤੇ ਬਾਹਰੀ ਅਮਲਾਂ ਦੇ ਥੋਥੇਪਣ ਬਾਰੇ ਭਗਤ ਤ੍ਰਿਲੋਚਨ ਨੇ ਬਿਆਨ ਕੀਤਾ ਕਿ ਅਜਿਹੇ ਅਮਲ ਅੰਦਰੂਨੀ ਤਬਦੀਲੀ ਦੀ ਕੀਮਤ ਉੱਤੇ ਮਨੁੱਖ ਦਾ ਆਪਣੇ-ਆਪ ਨਾਲ ਅਤੇ ਦੂਜਿਆਂ ਨਾਲ ਧੋਖਾ ਹੈ। ਇਹ ਬਿਨਾਂ ਦਾਣੇ ਵਾਲੀਆਂ ਫ਼ਸਲਾਂ ਛੰਡਣ ਵਾਂਗ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਬਿਦਰ ਤੋਂ ਨਾਂਦੇੜ ਨੂੰ ਚਾਲਾ ਪਾਇਆ।

ਬਾਰਸ਼ੀ ਦਾ ਫੇਰਾ ਪਾਉਣ ਤੋਂ ਬਾਅਦ ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਮੁੜ ਸ਼ੁਰੂ ਕਰ ਰਹੇ ਹਾਂ।

ਨਾਂਦੇੜ ਸ਼ਹਰ ਦਾ ਨਾਮ ਭਗਵਾਨ ਸ਼ਿਵ ਤੋਂ ਪਿਆ ਹੈ, ਜੋ ਹਿੰਦੂ ਤ੍ਰਿਮੂਰਤੀ ਵਿੱਚ ਤਬਾਹੀ ਦੀ ਨੁਮਾਇੰਦਗੀ ਕਰਦੇ ਹਨ। ਨਾਂਦੇੜ ਪੁਰਾਤਨ ਕਸਬਾ ਹੈ ਜਿਸ ਵਿੱਚ ਕਈ ਸੱਭਿਆਚਾਰ ਸਮਾਏ ਹੋਏ ਹਨ। ਰਾਜਾ ਅਸ਼ੋਕ ਨੇ ਆਪਣੇ ਦੌਰ ਵਿੱਚ ਇੱਥੇ ਬੁੱਧ ਮਤ ਦੀਆਂ ਨਿਸ਼ਾਨੀਆਂ ਛੱਡੀਆਂ। ਮੁਗ਼ਲਾਂ ਦੇ ਰਾਜ ਵਿੱਚ ਸੂਫ਼ੀ ਆਏ। ਸਿੱਖ ਇਤਿਹਾਸ ਦੀ ਆਪਣੀਆਂ ਪੈੜ੍ਹਾਂ ਹਨ ਕਿਉਂਕਿ ਗੁਰੂ ਗੋਬਿੰਦ ਸਿੰਘ ਨੇ ਆਪਣਾ ਆਖ਼ਰੀ ਸਮਾਂ ਇੱਥੇ ਗੁਜ਼ਾਰਿਆ ਸੀ।

ਅਸੀਂ ਨਾਂਦੇੜ ਦੇ ਬਾਹਰ-ਵਾਰ ਗੁਰਦਵਾਰਾ ਮਾਲਟੇਕੜੀ ਜਾ ਰਹੇ ਹਾਂ ਜਿਹੜਾ ਗੁਰੂ ਨਾਨਕ ਦੇ ਨਾਂਦੇੜ ਆਉਣ ਦੀ ਯਾਦਗਾਰ ਵਜੋਂ ਬਣਿਆ ਹੈ।

ਮਾਲਟੇਕੜੀ ਦੋ ਸ਼ਬਦਾਂ ਦਾ ਜੋੜ ਹੈ। ਮਾਲ ਦਾ ਮਤਲਬ ਖ਼ਜ਼ਾਨਾ ਅਤੇ ਟੇਕੜੀ ਦਾ ਮਤਲਬ ਟਿੱਲਾ ਹੈ। ਕਿਹਾ ਜਾਂਦਾ ਹੈ ਕਿ ਫ਼ਕੀਰ ਲੱਕੜ ਸ਼ਾਹ ਦੀ ਨਜ਼ਰ ਕਮਜ਼ੋਰ ਸੀ ਅਤੇ ਤੁਰਨ ਤੋਂ ਆਹਰੀ ਸਨ। ਉਹ ਇਸ ਟਿੱਲੇ ਉੱਤੇ ਖ਼ਜ਼ਾਨੇ ਦੀ ਰਾਖੀ ਕਰਦੇ ਸਨ।

ਅਮਰਦੀਪ ਸਿੰਘ: ਨਾਂਦੇੜ ਦੀ ਯਾਤਰਾ ਦੌਰਾਨ ਗੁਰੂ ਨਾਨਕ ਅਤੇ ਫ਼ਕੀਰ ਸੱਯਦ ਹੁਸੈਨ ਲੱਕੜ ਸ਼ਾਹ ਦੀ ਮੁਲਾਕਾਤ ਹੋਈ। ਉਨ੍ਹਾਂ ਦਾ ਰੂਹਾਨੀ ਸੰਵਾਦ 'ਮਾਲ ਟਿੱਲਾ' ਉੱਤੇ ਹੋਇਆ। ਇੱਥੇ ਫ਼ਕੀਰ ਸੱਯਦ ਹੁਸੈਨ ਲੱਕੜ ਸ਼ਾਹ ਦੀ ਮਜ਼ਾਰ ਹੈ ਅਤੇ ਇਸ ਪਾਸੇ ਗੁਰਦਵਾਰਾ ਮਾਲਟੇਕੜੀ ਹੈ।

ਸਾਡੀਆਂ ਸੰਵੇਦੀ ਇੰਦਰੀਆਂ ਤਜਰਬੇ ਰਾਹੀਂ ਸਿੱਖਣ ਦਾ ਕਾਰਜ ਸੁਖਾਲਾ ਕਰਦੀਆਂ ਹਨ। ਮੈਂ ਸੋਚਦਾ ਹਾਂ ਕਿ ਕੀ ਵੱਖਰੀਆਂ ਯੋਗਤਾਵਾਂ ਵਾਲੇ ਜੀਅ ਰੂਹਾਨੀ ਇਲਮ ਦੇ ਕੁਝ ਪੱਖਾਂ ਤੋਂ ਵਿਹੂਣੇ ਰਹਿ ਜਾਂਦੇ ਹਨ ਜਾਂ ਇਸ ਦੇ ਉਲਟ ਆਪਣੇ ਨਿਤਾਣੇਪਣ ਕਾਰਨ ਜ਼ਿਆਦਾ ਲੈਸ ਹੁੰਦੇ ਹਨ।

ਅਨਹਦੁ ਵਾਜੈ ਭ੍ਰਮੁ ਭਉ ਭਾਜੈ॥
ਸਗਲ ਬਿਆਪਿ ਰਹਿਆ ਪ੍ਰਭੁ ਛਾਜੈ॥
(ਰਾਗ ਮਾਰੂ, ਗੁਰੂ ਨਾਨਕ)

ਜਦੋਂ ਅਨਹਦ ਨਾਦ ਗੂੰਜਦਾ ਹੈ ਤਾਂ ਭਰਮ ਅਤੇ ਭੈ ਭੱਜ ਜਾਂਦੇ ਹਨ।
ਕਾਇਨਾਤੀ ਤਾਕਤ ਸਰਬ-ਵਿਆਪਕ ਹੈ ਅਤੇ ਸਭ ਨੂੰ ਛਾਂ ਕਰਦੀ ਹੈ।
(ਰਾਗ ਮਾਰੂ, ਗੁਰੂ ਨਾਨਕ)

ਮਨੁੱਖਾ ਸੁੱਧ-ਬੁੱਧ ਮਨ ਨੂੰ ਪਛਾਣ ਦੇ ਸਾਂਚੇ ਵਿੱਚ ਢਾਲਦੀ ਹੈ ਜਿਸ ਨਾਲ ਹਰ ਜੀਅ ਨੂੰ ਆਪਸ ਵਿੱਚ ਜੋੜਨ ਵਾਲੀਆਂ ਰੂਹ ਦੀਆਂ ਆਦਿ-ਜੁਗਾਦਿ ਧੁਨੀਆਂ ਨੂੰ ਮਹਿਸੂਸ ਕਰਨ ਦੀ ਸਲਾਹੀਅਤ ਨੂੰ ਖੋਰਾ ਲੱਗਦਾ ਹੈ। ਤ੍ਰਾਸਦੀ ਇਹ ਹੈ ਕਿ ਜਿਸਮਾਨੀ ਪੱਖੋਂ ਯੋਗ ਮਨੁੱਖ ਆਪਣੇ ਮੋਹ ਕਾਰਨ ਦ੍ਰਿਸ਼ਟੀਹੀਣ ਹੋ ਜਾਂਦਾ ਹੈ; ਨਫ਼ਰਤ ਉਸ ਨੂੰ ਪਿੰਗਲਾ ਕਰ ਦਿੰਦੀ ਹੈ ਅਤੇ ਹਉਮੈਂ ਉਸ ਨੂੰ ਬੋਲ਼ਾ ਬਣਾ ਦਿੰਦੀ ਹੈ। ਗੁਰੂ ਨਾਨਕ ਨੇ ਫ਼ਰਮਾਇਆ ਕਿ ਜਦੋਂ ਮਨੁੱਖ ਅੰਦਰ 'ਅਨਹਦ' ਰਾਗ ਛਿੜਦਾ ਹੈ ਤਾਂ ਕਾਇਨਾਤੀ ਸੱਚ ਖੁੱਲ੍ਹਦੇ ਹਨ ਅਤੇ ਇਹ ਰੁਝਾਨ ਮਨੁੱਖ ਦੀਆਂ ਸੰਵੇਦੀ ਇੰਦਰੀਆਂ ਦਾ ਮੁਥਾਜ ਨਹੀਂ ਹੈ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਉੱਤਰ ਵਾਲੇ ਪਾਸੇ ਨੂੰ ਅਸੀਂ ਨਾਂਦੇੜ ਤੋਂ ਹਿੰਗੋਲੀ ਜਾਣ ਲਈ ਇੱਕ ਹੋਰ ਵਲ਼ ਪਾ ਰਹੇ ਹਾਂ। ਅਸੀਂ ਭਗਤ ਨਾਮਦੇਵ ਦੀਆਂ ਯਾਦਾਂ ਨਾਲ ਸਾਂਝ ਪਾਉਣ ਜਾ ਰਹੇ ਹਾਂ।ਭਗਤ ਨਾਮਦੇਵ ਦਾ ਫ਼ਲਸਫ਼ਾ ਵੀ ਗੁਰੂ ਨਾਨਕ ਨਾਲ ਮੇਲ਼ ਖਾਂਦਾ ਹੈ।

ਸਮੁੱਚੀ ਦੁਨੀਆ ਉੱਤੇ 'ਸਗੁਣ' ਧਾਰਨ ਕਰਨ ਦੀ ਬਖ਼ਸ਼ਿਸ਼ ਕਰੋ।
(ਭਗਤ ਨਾਮਦੇਵ)

ਭਗਤ ਨਾਮਦੇਵ ਮਸ਼ਹੂਰ ਸੰਤ ਸਨ ਜਿਨ੍ਹਾਂ ਦਾ ਜਨਮ ਇਸਵੀ ਬਾਰਾਂ ਸੌ ਸੱਤਰ ਈਸਵੀ  ਵਿੱਚ ਮਹਾਰਾਸ਼ਟਰ ਦੇ ਪਿੰਡ, ਨਾਰਸੀ ਵਿੱਚ ਹੋਇਆ ਸੀ। ਉਹ ਪੇਸ਼ੇ ਪੱਖੋਂ ਰੰਗਰੇਜ਼ ਸਨ ਜੋ ਕੱਪੜੇ ਰੰਗਦੇ ਸਨ। ਉਹ 'ਛੀਂਬਾ' ਬਰਾਦਰੀ ਦੇ ਸਨ ਜਿਸ ਨੂੰ ਨੀਵੀਂ ਜਾਤ ਸਮਝਿਆ ਜਾਂਦਾ ਸੀ। ਉਨ੍ਹਾਂ ਦਾ ਜਨਮ ਭਾਵੇਂ ਗੁਰੂ ਨਾਨਕ ਤੋਂ ਬਹੁਤ ਪਹਿਲਾਂ ਹੋਇਆ ਸੀ ਪਰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਦੇ ਹਵਾਲੇ ਨਾਲ ਰੂਹਾਨੀ ਰਹਿਬਰਾਂ ਵਜੋਂ ਦੋਵੇਂ ਸੰਤ ਤਸ਼ਬੀਹੀ ਪੱਖੋਂ ਇਕੱਠੇ ਹੀ ਰਹਿੰਦੇ ਹਨ।

ਹਿੰਗੋਲੀ ਵਿੱਚ ਅਸੀਂ ਔਂਧਾ ਨਾਗਨਾਥ ਮੰਦਿਰ ਜਾ ਰਹੇ ਹਾਂ ਜੋ ਭਗਵਾਨ ਸ਼ਿਵ ਨੂੰ ਮਨਸੂਬ ਹੈ।

ਇਸ ਮੰਦਿਰ ਨਾਲ ਭਗਤ ਨਾਮਦੇਵ ਦੀ ਇੱਕ ਘਟਨਾ ਵੀ ਜੁੜੀ ਹੋਈ ਹੈ। ਕਥਾ ਇਹ ਕੀਤੀ ਜਾਂਦੀ ਹੈ ਕਿ ਉੱਚੀ ਜਾਤ ਦੇ ਬ੍ਰਾਹਮਣਾਂ ਨੇ ਉਨ੍ਹਾਂ ਨੂੰ ਦੁਤਕਾਰਿਆ ਸੀ ਅਤੇ ਔਂਧਾ ਨਾਗਨਾਥ ਮੰਦਿਰ ਵਿੱਚ ਆਉਣ ਤੋਂ ਮਨਾਹੀ ਕੀਤੀ ਸੀ। ਜਦੋਂ ਉਹ ਸ਼ਰਧਾ ਨਾਲ ਇਸ ਮੰਦਿਰ ਦੀ ਪਿਛਲੀ ਕੰਧ ਕੋਲ ਬੈਠ ਗਏ ਤਾਂ ਗਰਭ ਗ੍ਰਹਿ (ਮੁਕੱਦਸ ਮੁਕਾਮ) ਘੁੰਮ ਗਿਆ ਸੀ।

ਮੇਰੀ ਨਿਮਾਣੀ ਜਿਹੀ ਸਮਝ ਮੁਤਾਬਕ ਇਸ ਮੰਦਿਰ ਦੇ ਘੁੰਮਣ ਵਾਲੀ ਕਹਾਣੀ ਦਾ ਤਸ਼ਬੀਹੀ ਮਾਅਨਾ ਹੈ- ਸਿਰਜਣਹਾਰ ਦੀ ਹਾਜ਼ਰਾ-ਹਜ਼ੂਰੀ ਅਤੇ ਸਰਬ-ਵਿਆਪਕਤਾ।

ਨਾਰਾਇਣ ਕਾਲੀ ਦਾਸ ਰਾਓ: ਇਹ ਜਿਹੜਾ ਮੰਦਿਰ ਹੈ, ਇਹ ਬਾਰਾਂ ਜਯੋਤਿਰ ਲਿੰਗ ਵਿੱਚੋਂ ਅੱਠਵਾਂ ਜਯੋਤਿਰ ਲਿੰਗ ਹੈ। ਨਾਗੇਸ਼ਵਮ ਦਵਾਰਕਾ ਤੋਂ ਸੰਤ ਨਾਮਦੇਵ ਮਹਾਰਾਜ ਇੱਥੇ ਜ਼ਿਆਰਤ ਕਰਨ ਆਏ ਸਨ। ਉਹ ਪੂਰਬ ਵਾਲੇ ਪਾਸੇ ਆਪਣੀ ਭਗਤੀ, ਸੰਗ-ਕੀਰਤਨ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਮੰਦਿਰ ਦੇ ਪਿੱਛੇ ਭਗਤੀ-ਕੀਰਤਨ ਕਰਨ ਨੂੰ ਕਿਹਾ ਗਿਆ। ਜਿਉਂ-ਜਿਉਂ ਉਹ ਭਗਤੀ ਕੀਰਤਨ ਕਰਦੇ-ਕਰਦੇ, ਪੂਰਬ ਤੋਂ ਪੱਛਮ ਨੂੰ ਜਾ ਰਹੇ ਸੀ, ਉਨ੍ਹਾਂ ਦਾ ਭਗਤੀ ਕੀਰਤਨ ਸੁਣਨ ਲਈ ਭਗਵਾਨ ਸ਼ਿਵ ਜੀ ਨੇ, ਨਾਗੇਸ਼ਵਰ ਭਗਵਾਨ ਨੇ, ਅਪਣੇ ਮੰਦਿਰ ਦਾ ਮੂੰਹ ਪੂਰਬ ਤੋਂ ਪੱਛਮ ਵਾਲੇ ਪਾਸੇ ਘੁੰਮਾ ਦਿੱਤਾ। ਇਹ ਇਸ ਅਸਥਾਨ ਦੀ ਅਹਿਮੀਅਤ ਹੈ। ਨਾਮਦੇਵ ਮਹਾਰਾਜ ਜੀ, ਮਹਾਰਾਸ਼ਟਰ ਦੇ ਬਹੁਤ ਵੱਡੇ ਸੰਤ ਹੋਏ ਹਨ। ਉਨ੍ਹਾਂ ਨੇ ਕਿਹਾ ਹੈ ਕਿ ਭਗਤੀ ਮਾਰਗ ਤੋਂ ਈਸ਼ਵਰ ਪ੍ਰਾਪਤ ਹੋ ਸਕਦਾ ਹੈ।

ਦੇਹੀ ਮਹਜਿਦਿ ਮਨੁ ਮਉਲਾਨਾ ਸਹਜ ਨਿਵਾਜ ਗੁਜਾਰੈ॥
ਬੀਬੀ ਕਉਲਾ ਸਉ ਕਾਇਨੁ ਤੇਰਾ ਨਿਰੰਕਾਰ ਆਕਾਰੈ॥
ਭਗਤਿ ਕਰਤ ਮੇਰੇ ਤਾਲ ਛਿਨਾਏ ਕਿਹ ਪਹਿ ਕਰਉ ਪੁਕਾਰਾ॥
ਨਾਮੇ ਕਾ ਸੁਆਮੀ ਅੰਤਰਜਾਮੀ ਫਿਰੇ ਸਗਲ ਬੇਦੇਸਵਾ॥
(ਰਾਗ ਭੈਰਉ, ਭਗਤ ਨਾਮਦੇਵ)

ਮਨੁੱਖ ਦੇਹੀ ਮਸਜਿਦ ਹੈ ਅਤੇ ਮਨ ਮੌਲਾਨਾ ਹੈ ਜੋ ਸਹਿਜ ਨਾਲ ਨਿਵਾਜ਼ ਪੜ੍ਹਦਾ ਹੈ।
ਜਿਵੇਂ ਬੀਬੀ ਕੌਲਾਂ ਦੇ ਬਹੁਤ ਸਾਰੇ ਨੌਕਰ ਹਨ, ਉਸੇ ਤਰ੍ਹਾਂ ਹਾਜ਼ਰਾ-ਹਜ਼ੂਰ ਦੇ ਬਹੁਤ ਸਾਰੇ ਰੂਪ ਹਨ।
ਮੈਂ ਤੇਰੀ ਭਗਤੀ ਕਰ ਰਿਹਾ ਸਾਂ ਤਾਂ ਮੇਰੇ ਛੈਣੇ ਖੋਹ ਲਏ ਗਏ, ਹੁਣ ਮੈਂ ਕਿਸ ਅੱਗੇ ਪੁਕਾਰ ਕਰਾਂ?

ਨਾਮਦੇਵ ਦਾ ਸੁਆਮੀ ਅੰਤਰਜਾਮੀ ਹੈ, ਉਹ ਦਿਲਾਂ ਦੀ ਜਾਣਦਾ ਹੈ ਅਤੇ ਹਰ ਪਾਸੇ ਰਮਿਆ ਹੈ। ਉਸ ਦਾ ਕੋਈ ਖ਼ਸੂਸੀ ਘਰ ਨਹੀਂ।
(ਰਾਗ ਭੈਰਉ, ਭਗਤ ਨਾਮਦੇਵ)

ਭਗਤ ਨਾਮਦੇਵ ਨੇ ਆਖਿਆ ਕਿ ਅਸੀਂ ਸਭ ਇੱਕੋ ਮਿੱਟੀ ਦੇ ਬਣੇ ਹਾਂ; ਦਵੈਤ ਜਾਂ ਬੇਗਾਨਗੀ ਤਾਂ ਸਾਡੇ ਖ਼ਿਆਲਾਂ ਵਿੱਚ ਵਸਦੀ ਹੈ।

ਭਗਤ ਨਾਮਦੇਵ 'ਭਗਤੀ' ਲਹਿਰ ਦੇ ਅੰਦਰ 'ਵਾਰਕਾਰੀ' ਧਾਰਾ ਦੇ ਮੋਢੀ ਸਨ। ਉਹ ਆਪਣੇ ਭਗਤੀਮਈ ਗੀਤਾਂ ਲਈ ਪੂਰੇ ਭਾਰਤ ਵਿੱਚ ਮਸ਼ਹੂਰ ਹੋਏ। ਭਗਤ ਨਾਮਦੇਵ 'ਨਿਰਗੁਣ-ਸਰਗੁਣ' ਫ਼ਲਸਫ਼ੇ ਦੀ ਬੁਲੰਦ ਆਵਾਜ਼ ਸਨ। ਨਿਰਗੁਣ ਧਾਰਾ ਨਿੰਰਕਾਰ ਸਿਰਜਣਹਾਰੇ ਦੀ ਧਾਰਨੀ ਹੈ ਅਤੇ ਸਰਗੁਣ ਧਾਰਾ ਸਿਰਜਣਹਾਰ ਦੇ ਕਿਸੇ ਵੀ ਰੂਪ ਵਿੱਚ ਇਜ਼ਹਾਰ ਦੀ ਧਾਰਨੀ ਹੈ।

ਨਾਮਦੇਵ ਜਿੱਥੇ ਵੀ ਗਏ, ਮੁਕੱਦਸ ਅਸਥਾਨ ਉਨ੍ਹਾਂ ਦੇ ਪਿੱਛੇ ਰਿਹਾ ਅਤੇ ਸਿਰਜਣਹਾਰੇ ਹਾਜ਼ਰਾ-ਹਜ਼ੂਰ ਦੀ ਉਸਤਤਿ ਹੋਈ।
ਸਰਬ-ਵਿਆਪੀ ਸਿਰਜਣਹਾਰ ਨੇ ਨਾਮਦੇਵ ਦੇ ਹੱਥਾਂ ਦਾ ਦੁੱਧ ਪੀਤਾ।
ਨਾਮਦੇਵ ਜਿੱਥੇ ਵੀ ਗਏ, ਮੁਕੱਦਸ ਅਸਥਾਨ ਉਨ੍ਹਾਂ ਦੇ ਪਿੱਛੇ ਰਿਹਾ ਅਤੇ ਸਿਰਜਣਹਾਰੇ ਹਾਜ਼ਰਾ-ਹਜ਼ੂਰ ਦੀ ਉਸਤਤਿ ਹੋਈ।
ਓ ਦੇਵਾ, ਤੇਰੇ ਅਤੇ ਮੇਰੇ ਵਿਚਕਾਰ ਇਹ ਵਿਛੋੜਾ ਕਿਉਂ ਹੈ?
(ਭਗਤ ਨਾਮਦੇਵ)

ਭਗਤ ਨਾਮਦੇਵ ਦੀ ਵਿਰਾਸਤ ਨੂੰ ਅਜੋਕੇ ਦੌਰ ਵਿੱਚ ਉਨ੍ਹਾਂ ਦੇ ਸ਼ਰਧਾਲੂਆਂ ਨੇ ਜਿਉਂਦਾ ਰੱਖਿਆ ਹੈ। ਸਦੀਆਂ ਤੋਂ ਉਨ੍ਹਾਂ ਦਾ ਫ਼ਲਸਫ਼ਾ ਵੱਖ-ਵੱਖ ਜਮਾਤਾਂ ਅਤੇ ਜਾਤਾਂ ਦੇ ਜੀਆਂ ਦੇ ਦਿਲਾਂ ਨੂੰ ਟੁੰਬਦਾ ਆਇਆ ਹੈ ਜਿਸ ਦਾ ਇਜ਼ਹਾਰ ਭਗਤੀ ਗੀਤ ਗਾਉਣ ਵਾਲੀ ਸੰਗਤ ਵਿੱਚ ਹੁੰਦਾ ਹੈ।

ਮੈਂ ਤੇਰੀ ਚੰਗਿਆਈ ਬਾਰੇ ਸੋਚ-ਵਿਚਾਰ ਕਰ ਕੇ ਵਿਵੇਕ ਹਾਸਿਲ ਕੀਤਾ ਹੈ।
ਜਦੋਂ ਮੇਰੀ ਸੋਚ ਖ਼ੁਦਾਈ ਨਾਲ ਜੁੜਦੀ ਹੈ ਤਾਂ ਜ਼ਿੰਦਗੀ ਭਰ ਦੇ ਕਸ਼ਟ ਹਰੇ ਜਾਂਦੇ ਹਨ।
(ਭਗਤ ਨਾਮਦੇਵ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਨਾਂਦੇੜ ਤੋਂ ਦੌਲਤਾਬਾਦ ਦਾ ਸਫ਼ਰ ਕੀਤਾ।

ਭਗਤ ਨਾਮਦੇਵ ਨਾਲ ਜੁੜੇ ਅਸਥਾਨ ਤੋਂ ਹੁਣ ਅਸੀਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫਰ ਮੁੜ ਸ਼ੁਰੂ ਕਰਦੇ ਹੋਏ ਦੌਲਤਾਬਾਦ ਜਾ ਰਹੇ ਹਾਂ।

ਦੌਲਤਾਬਾਦ ਮਹਾਰਾਸ਼ਟਰ ਦਾ ਸ਼ਹਿਰ ਹੈ। ਇਸ ਦਾ ਇਤਿਹਾਸ ਇੱਕ ਹਜ਼ਾਰ ਈਸਾ ਪੂਰਬ ਤੱਕ ਜਾਂਦਾ ਹੈ। ਇਹ ਸ਼ਹਿਰ ਆਪਣੇ ਪਹਾੜ ਚੀਰ ਕੇ ਬਣੇ ਬਿਹਾਰਾਂ ਅਤੇ ਮੰਦਿਰਾਂ ਲਈ ਮਸ਼ਹੂਰ ਹੈ।

ਅਮਰਦੀਪ ਸਿੰਘ: ਦੌਲਤਾਬਾਦ ਵਿੱਚ ਅਲੋਰਾ ਦੀਆਂ ਗੁਫ਼ਾਵਾਂ ਦੇ ਖੰਡਰਾਂ ਤੋਂ ਝਲਕ ਮਿਲਦੀ ਹੈ ਕਿ ਇਸ ਇਲਾਕੇ ਵਿੱਚ ਹਿੰਦੂ, ਜੈਨ ਅਤੇ ਬੁੱਧ ਧਰਮ ਪੁਰਾਤਨ ਸਮਿਆਂ ਤੋਂ ਪ੍ਰਚਲਿਤ ਸਨ।

ਪਹਿਲਾਂ ਇੱਥੇ ਯਾਦਵ ਰਾਜਿਆਂ ਦਾ ਰਾਜ ਸੀ ਅਤੇ ਦੌਲਤਾਬਾਦ ਦਾ ਨਾਮ ਦੇਵਗਿਰੀ ਸੀ, ਮਤਲਬ ਕਿ 'ਪਹਾੜ ਦੇ ਦੇਵਤੇ'। ਇਸ ਤੋਂ ਬਾਅਦ ਇਸਵੀ ਤੇਰਾਂ ਸੌ ਬਾਈ ਈਸਵੀ ਵਿੱਚ ਦਿੱਲੀ ਦੇ ਸੁਲਤਾਨ ਮੁਹੰਮਦ ਬਿਨ ਤੁਗ਼ਲਕ ਨੇ ਇਸ ਦਾ ਨਾਮ ਦੌਲਤਾਬਾਦ ਰੱਖਿਆ ਜਿਸ ਦਾ ਮਾਅਨਾ ਹੈ, 'ਤਕਦੀਰ ਦਾ ਸ਼ਹਿਰ'। ਮੁਹੰਮਦ ਬਿਨ ਤੁਗ਼ਲਕ ਆਪਣੀ ਸਨਕ ਅਤੇ ਅਨੋਖੇ ਮਨਸੂਬਿਆਂ ਲਈ ਮਸ਼ਹੂਰ ਹੋਇਆ। ਪੂਰੇ ਭਾਰਤ ਉੱਤੇ ਰਾਜ ਕਰਨ ਦੇ ਇਰਾਦੇ ਨਾਲ ਉਸ ਨੇ ਰਾਜਧਾਨੀ ਨੂੰ ਪਹਿਲਾਂ ਦਿੱਲੀ ਤੋਂ ਦੇਵਗਿਰੀ ਅਤੇ ਮੁੜ ਕੇ ਵਾਪਸ ਦਿੱਲੀ ਤਬਦੀਲ ਕਰਨ ਦਾ ਗ਼ੈਰ-ਮਨੁੱਖੀ ਫ਼ੈਸਲਾ ਕੀਤਾ, ਅਤੇ ਹਜ਼ਾਰਾਂ ਲੋਕ ਇਸ ਬੇਅਰਥ ਸਫ਼ਰ ਦੀਆਂ ਦੁਸ਼ਵਾਰੀਆਂ ਦੀ ਭੇਟ ਚੜ੍ਹ ਗਏ।

ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ॥
ਤਿਉ ਸਾਕਤੁ ਜੋਨੀ ਪਾਇ ਭਵੈ ਭਵਾਈਐ॥
(ਰਾਗ ਸੂਹੀ, ਗੁਰੂ ਨਾਨਕ)

ਜਿਵੇਂ ਭੱਠੀ ਵਿੱਚ ਲੋਹਾ ਢਲਦਾ ਹੈ ਅਤੇ ਨਵਾਂ ਰੂਪ ਧਾਰਦਾ ਹੈ,
ਉਸੇ ਤਰ੍ਹਾਂ ਪਦਾਰਥਵਾਦੀ ਮਨੁੱਖ ਬੇਮਕਸਦ ਭਟਕਦਾ ਰਹਿੰਦਾ ਹੈ।
(ਰਾਗ ਸੂਹੀ, ਗੁਰੂ ਨਾਨਕ)

ਬੇਮੁਹਾਰ ਅਤੇ ਮੁਕੰਮਲ ਸੱਤਾ ਦੀ ਲਾਲਸਾ ਭ੍ਰਿਸ਼ਟ ਕਰਦੀ ਹੈ। ਮਨੁੱਖ ਦੀ ਗ਼ੈਰ-ਮਹਿਫ਼ੂਜ਼ੀਅਤ ਦਾ ਅਹਿਸਾਸ ਅਤੇ ਮਲਕੀਅਤ ਦੇ ਖੁੱਸ ਜਾਣ ਦਾ ਖ਼ੌਫ਼ ਉਸ ਦੀ ਜੱਫਾ ਮਾਰਨ ਦੀ ਜ਼ਰੂਰਤ ਦੇ ਤੌਰ ਉੱਤੇ ਜ਼ਾਹਿਰ ਹੁੰਦਾ ਹੈ। ਗੁਰੂ ਨਾਨਕ ਨੇ ਫ਼ਰਮਾਇਆ ਕਿ ਜਿਵੇਂ ਲੋਹਾ ਮੁੜ ਕੇ ਢਲਦਾ ਹੈ ਉਸੇ ਤਰ੍ਹਾਂ ਮਨੁੱਖ ਵੀ ਉਸ ਵੇਲੇ ਤੱਕ ਇਸੇ ਤਰ੍ਹਾਂ ਦੀ ਦੋਚਿੱਤੀ ਵਿੱਚ ਵਾਰ-ਵਾਰ ਫਸਦਾ ਹੈ ਜਦੋਂ ਤੱਕ ਅਸੀਂ ਆਪਣੇ ਅਮਲਾਂ ਤੋਂ ਸਬਕ ਸਿੱਖਣ ਲਈ ਤਿਆਰ ਨਹੀਂ ਹਾਂ।

ਮੁਖਤਲਿਫ਼ ਲੋਕਾਂ ਅਤੇ ਸੱਭਿਆਚਾਰਾਂ ਨਾਲ ਇਸ ਸ਼ਹਿਰ ਦੇ ਇਤਿਹਾਸਕ, ਮਜ਼ਹਬੀ ਅਤੇ ਸਿਆਸੀ ਤਾਅਲੁਕ ਹੋਣ ਕਾਰਨ ਹੀ ਸ਼ਾਇਦ ਗੁਰੂ ਨਾਨਕ ਨੇ ਇੱਥੇ ਆਉਣ ਦਾ ਫ਼ੈਸਲਾ ਕੀਤਾ।

ਅਮਰਦੀਪ ਸਿੰਘ: ਦੌਲਤਾਬਾਦ ਦੀਆਂ ਸੂਫ਼ੀ ਦਰਗਾਹਾਂ ਗਵਾਹੀ ਭਰਦੀਆਂ ਹਨ ਕਿ ਕਦੇ ਇਹ ਸ਼ਹਿਰ ਇਸਲਾਮ ਦੇ ਪਸਾਰੇ ਲਈ ਦੱਖਣ ਅਤੇ ਦੱਖਣੀ ਭਾਰਤ ਦਾ ਬੂਹਾ ਸੀ।

ਦੌਲਤਾਬਾਦ ਵਿੱਚ ਗੁਰੂ ਨਾਨਕ ਦੇ ਇਸ ਇਲਾਕੇ ਵਿੱਚ ਆਉਣ ਦੀ ਕੋਈ ਨਿਸ਼ਾਨੀ ਨਹੀਂ ਹੈ।

ਗੁਰੂ ਨਾਨਕ ਦੇ ਆਪਣੇ ਸ਼ਬਦਾਂ ਦੇ ਜ਼ੋਰ ਨਾਲ ਨਾਇਨਸਾਫ਼ੀ ਨੂੰ ਵੰਗਾਰਿਆ ਅਤੇ ਇਨਸਾਨੀ ਹਕੂਕ ਦੀ ਵਕਾਲਤ ਕੀਤੀ। ਬਾਅਦ ਦੇ ਸਿੱਖ ਗੁਰੂਆਂ ਨੇ ਇਨ੍ਹਾਂ ਕਦਰਾਂ-ਕੀਮਤਾਂ ਨੂੰ ਅੱਗੇ ਤੋਰਿਆ। ਔਰੰਗਾਬਾਦ ਜ਼ਿਲ੍ਹਾ

ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੀ ਅੰਤਿਮ ਆਰਾਮਗਾਹ ਸੀ ਜੋ ਮਜ਼ਹਬੀ ਜ਼ੁਲਮ ਲਈ ਜਾਣਿਆ ਜਾਂਦਾ ਸੀ। ਗੁਰੂ ਤੇਗ਼ ਬਹਾਦੁਰ ਨੇ ਸੋਚ ਅਤੇ ਅਕੀਦਿਆਂ ਦੀ ਆਜ਼ਾਦੀ ਦਾ ਪਰਚਮ ਬੁਲੰਦ ਕੀਤਾ। ਇਸ ਜਮਹੂਰੀ ਸੋਚ ਕਾਰਨ ਬਾਦਸ਼ਾਹ ਔਰੰਗਜ਼ੇਬ ਨੇ ਉਨ੍ਹਾਂ ਨੂੰ ਦਿੱਲੀ ਵਿੱਚ ਸਜ਼ਾਇ-ਮੌਤ ਦੇਣ ਦਾ ਹੁਕਮ ਦਿੱਤਾ।

ਬਾਦਸ਼ਾਹ ਔਰੰਗਜ਼ੇਬ ਦੀ ਮਜ਼ਾਰ ਨੂੰ ਦੇਖ ਕੇ ਮੈਨੂੰ ਗੁਰੂ ਨਾਨਕ ਦਾ ਸ਼ਬਦ ਯਾਦ ਆਉਂਦਾ ਹੈ ਜਿਸ ਵਿੱਚ ਉਨ੍ਹਾਂ ਨੇ ਹਲੀਮੀ ਅਤੇ ਝੂਠੀ ਹਉਂਮੈਂ ਦਾ ਫ਼ਰਕ ਪੇਸ਼ ਕੀਤਾ ਹੈ। ਗੁਰੂ ਨਾਨਕ ਨੇ ਹਉਂਮੈਂ ਵਿੱਚ ਡੁੱਬ ਕੇ ਬੇਮਾਅਨਾ ਹੋ ਰਹੀ ਮਨੁੱਖਾ ਜ਼ਿੰਦਗੀ ਦੀ ਤੁਲਨਾ ਸਿੰਬਲ ਦੇ ਦਰਖਤ ਨਾਲ ਕੀਤੀ ਹੈ ਜੋ ਉੱਚਾ ਤਾਂ ਹੁੰਦਾ ਹੈ ਪਰ ਉਸ ਨੂੰ ਮਿੱਠੇ ਫਲ ਨਹੀਂ ਲੱਗਦੇ।

ਸਿੰਮਲ ਰੁਖੁ ਸਰੀਰੁ ਮੈ ਮੈਜਨ ਦੇਖਿ ਭੁਲੰਨਿ੍॥
ਸੇ ਫਲ ਕੰਮਿ ਨ ਆਵਨ੍ਹੀ ਤੇ ਗੁਣ ਮੈ ਤਨਿ ਹੰਨਿ੍॥
(ਰਾਗ ਸੂਹੀ, ਗੁਰੂ ਨਾਨਕ)

ਮੇਰਾ ਸਰੀਰ ਸਿੰਬਲ ਰੁੱਖ ਦੇ ਸਮਾਨ ਹੈ, ਜਿਸ ਨੂੰ ਦੇਖ ਕੇ ਪੰਛੀ ਭੁਲੇਖਾ ਖਾ ਜਾਂਦੇ ਹਨ।
ਜਿਵੇਂ ਇਸ ਰੁੱਖ ਦੇ ਫਲ ਬੇਕਾਰ ਹਨ, ਉਸੇ ਤਰ੍ਹਾਂ ਮੇਰੇ ਜਿਸਮ ਵਿੱਚ ਕੋਈ ਗੁਣ ਨਹੀਂ ਹੈ।
(ਰਾਗ ਸੂਹੀ, ਗੁਰੂ ਨਾਨਕ)


ਈਮੇਲ: onenessindiversityfoundation@gmail.com

# ਚਰਚਾ ਲਈ ਕੁਝ ਨੁਕਤੇ
## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ
### ਐਪੀਸੋਡ ੧੫: ਸ਼ੁੱਧ ਉਦੇਸ਼ਮ (ਨੀਅਤ ਦਾ ਬੀਜ)

ਇਹ ਐਪੀਸੋਡ ਗੁਰੂ ਨਾਨਕ ਦੀ ਦੱਖਣੀ ਭਾਰਤ ਵਿਚਲੀ ਯਾਤਰਾ ਦੇ ਇਤਿਹਾਸਕ ਮਹੱਤਵ ਅਤੇ ਰੂਹਾਨੀ ਅਮੀਰੀ ਨੂੰ ਉਜਾਗਰ ਕਰਨ ਵਾਲੇ ਪ੍ਰੇਰਣਾਦਾਇਕ ਚਰਚਾ ਨੁਕਤੇ ਪੇਸ਼ ਕਰਦਾ ਹੈ। ਵੱਖ-ਵੱਖ ਭਾਈਚਾਰਿਆਂ ਅਤੇ ਰੂਹਾਨੀ ਪਰੰਪਰਾਵਾਂ ਨਾਲ ਹੋਏ ਉਨ੍ਹਾਂ ਦੇ ਵਾਰਤਾਲਾਪ ਦਾ ਵਿਸ਼ਲੇਸ਼ਣ ਕਰਕੇ, ਸਾਨੂੰ ਇਹ ਸਮਝਣ ਵਿਚ ਮਦਦ ਮਿਲਦੀ ਹੈ ਕਿ ਗੁਰੂ ਨਾਨਕ ਨੇ ਏਕਤਾ, ਸਪੱਸ਼ਟ ਇਰਾਦੇ, ਨਿਸ਼ਕਾਮ ਸਾਂਝੀਵਾਲਤਾ, ਡਰ ਅਤੇ ਹਉਮੈਂ ਉੱਤੇ ਜਿੱਤ ਪ੍ਰਾਪਤ ਕਰਨ ਦੀ ਤਾਕੀਦ ਕੀਤੀ ਹੈ। ਉਹ ਇਹ ਸਵਿਕਾਰਦੇ ਹਨ ਕਿ ਇੰਦਰਿਆਵੀ ਗਿਆਨ ਰੂਹਾਨੀ ਸਚਾਈਆਂ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦਾ–ਪਰ ਫਿਰ ਵੀ ਇਸ ਸੰਦੇਸ਼ ਨੂੰ ਵਿਵਹਾਰਿਕ ਰੂਪ ਵਿਚ ਕਿਵੇਂ ਦਰਸਾਇਆ ਜਾਵੇ। ਇਹ ਪ੍ਰਸ਼ਨ ਸਾਨੂੰ ਇਹ ਚਿੰਤਨ ਕਰਨ ਲਈ ਸੱਦਾ ਦਿੰਦੇ ਹਨ ਕਿ ਦੱਖਣੀ ਭਾਰਤ ਦੀ ਉਨ੍ਹਾਂ ਦੀ ਯਾਤਰਾ ਧਾਰਮਿਕ ਵੰਡਾਂ ਵਿਚਕਾਰ ਪੁਲ ਬਣਾਉਣ, ਫੋਕੇ ਕਰਮਕਾਂਡ ਅਤੇ ਹਠਧਰਮਤਾ ਤੋਂ ਪਰੇ ਰੂਹਾਨੀ ਤਤਸਾਰ ਉੱਤੇ ਧਿਆਨ ਕੇਂਦਰਿਤ ਕਰਨ ਵਾਲੇ ਉਨ੍ਹਾਂ ਦੇ ਵਿਸ਼ਾਲ ਦ੍ਰਿਸ਼ਟੀਕੋਣ ਨੂੰ ਕਿਵੇਂ ਪੇਸ਼ ਕੀਤਾ ਹੋਵੇਗਾ। ਭਗਤ ਤ੍ਰਿਲੋਚਨ ਅਤੇ ਭਗਤ ਨਾਮਦੇਵ ਵਰਗੇ ਸਤਿਕਾਰਯੋਗ ਸੰਤਾਂ ਦੀ ਵਿਰਾਸਤ ਦੇ ਸਮਾਨਾਂਤਰ ਉਨ੍ਹਾਂ ਦੀਆਂ ਯਾਤਰਾਵਾਂ ਦੀ ਯਾਦ ਦਿਵਾਉਣ ਵਾਲੇ ਸਥਾਨਾਂ ਦੀ ਸਥਾਈ ਮੌਜੂਦਗੀ, ਧਾਰਮਿਕ ਅਤੇ ਸੱਭਿਆਚਾਰਕ ਵਖਰੇਵਿਆਂ ਵਾਲੇ ਖੇਤਰ ਵਿਚ ਉਨ੍ਹਾਂ ਦੀ ਉਦਾਰਵਾਦੀ ਵਿਚਾਰਧਾਰਾ ਦੇ ਸਥਾਈ ਪ੍ਰਭਾਵ ਦੀ ਗਵਾਹੀ ਦਿੰਦੀ ਹੈ।

## ਇਤਿਹਾਸਕ ਚਰਚਾ ਨੁਕਤੇ:

੧. **ਗੁਰੂ ਨਾਨਕ ਦਆਰਾ ਕੀਤੀ ਦੱਖਣੀ ਭਾਰਤ ਯਾਤਰਾ ਵਿਚਲੇ ਮਾਰਗ ਦਾ ਕੀ ਮਹੱਤਵ ਸੀ, ਅਤੇ ਵੱਖ-ਵੱਖ ਧਾਰਮਿਕ ਧਰਾਤਲਾਂ ਨੇ ਉਨ੍ਹਾਂ ਦੀ ਵਾਰਤਾਲਾਪ ਨੂੰ ਕਿਵੇਂ ਪ੍ਰਭਾਵਿਤ ਕੀਤਾ?**
ਇਹ ਐਪੀਸੋਡ ਧਨੁਸ਼ਕੋਡੀ ਤੋਂ ਰਾਮੇਸ਼ਵਰਮ, ਤ੍ਰਿਵੇਂਦਰਮ, ਕੋਟਾਯਮ, ਅੰਨਾਮਲਾਈ ਪਹਾੜੀਆਂ, ਬਿਦਰ, ਨਾਂਦੇੜ ਅਤੇ ਅੰਤ ਵਿਚ ਦੌਲਤਾਬਾਦ ਤੱਕ ਗੁਰੂ ਨਾਨਕ ਦੇ ਰਸਤੇ ਨੂੰ ਦਰਸਾਉਂਦਾ ਹੈ। ਇਸ ਯਾਤਰਾ ਨੇ ਉਨ੍ਹਾਂ ਨੂੰ ਅਨੇਕਾਂ ਧਾਰਮਿਕ ਪਰੰਪਰਾਵਾਂ ਨਾਲ ਰੂ-ਬ-ਰੂ ਕਰਵਾਇਆ ਜਿਵੇਂ ਸ਼ੈਵ, ਵੈਸ਼ਣਵ ਮੰਦਰਾਂ ਤੋਂ ਲੈ ਕੇ ਆਦਿਵਾਸੀ ਭਾਈਚਾਰਿਆਂ ਅਤੇ ਇਸਲਾਮ ਪ੍ਰਭਾਵਤ ਖੇਤਰਾਂ ਤੱਕ।

ਇਹਨਾਂ ਵੱਖ-ਵੱਖ ਸੱਭਿਆਚਾਰਕ ਪ੍ਰਸੰਗਾਂ ਨੇ ਗੁਰੂ ਨਾਨਕ ਨੂੰ ਆਪਣੇ ਸੰਦੇਸ਼ ਦੀ ਸਰਵਵਿਆਪਕਤਾ ਨੂੰ ਪ੍ਰਦਰਸ਼ਿਤ ਕਰਨ ਦੇ ਮੌਕੇ ਕਿਵੇਂ ਪ੍ਰਦਾਨ ਕੀਤੇ?

**੨. ਸਮੇਂ ਦੇ ਨਾਲ ਦੱਖਣੀ ਭਾਰਤ ਦੇ ਵੱਖ-ਵੱਖ ਥਾਵਾਂ ਉੱਤੇ ਗੁਰੂ ਨਾਨਕ ਦੀਆਂ ਯਾਤਰਾਵਾਂ ਨੂੰ ਕਿਵੇਂ ਯਾਦ ਕੀਤਾ ਜਾਂਦਾ ਰਿਹਾ ਹੈ, ਅਤੇ ਇਸ ਨਾਲ ਉਨ੍ਹਾਂ ਦੇ ਇਤਿਹਾਸਕ ਪ੍ਰਭਾਵ ਬਾਰੇ ਕੀ ਪਤਾ ਲੱਗਦਾ ਹੈ?**

ਐਪੀਸੋਡ ਗੁਰੂ ਨਾਨਕ ਦੀ ਯਾਦ ਵਿਚ ਸਥਾਪਤ ਕਈ ਥਾਵਾਂ ਬਾਰੇ ਝਾਤ ਪਾਉਂਦਾ ਹੈ, ਜਿਵੇਂ ਕਿ ਰਾਮੇਸ਼ਵਰਮ ਦਾ 'ਨਾਨਕ ਉਦਾਸੀਨ ਮਠ' ਜਿਸਨੂੰ ਬਾਅਦ ਵਿਚ ਗੁਰਦੁਆਰੇ ਵਜੋਂ ਵਿਕਸਤ ਕੀਤਾ ਗਿਆ। ਇਸ ਵਿਚ ਬੀਦਰ ਦਾ ਇਤਿਹਾਸਕ ਨਾਨਕ ਝੀਰਾ ਗੁਰਦੁਆਰਾ, ਜੋ ਪਾਣੀ ਦੇ ਚਸ਼ਮੇ ਲਈ ਪ੍ਰਸਿੱਧ ਹੈ, ਅਤੇ ਨਾਂਦੇੜ ਦੇ ਕੋਲ ਮਾਲ ਟੇਕੜੀ ਗੁਰਦੁਆਰਾ ਵੀ ਸ਼ਾਮਲ ਹੈ। ਇਸ ਦੇ ਨਾਲ, ਕੁਝ ਹੋਰ ਸਥਾਨ, ਜਿਵੇਂ ਕਿ ਕੋਟਾਯਮ ਖੇਤਰ ਵਿਚ ਤਿਲਗੰਜੀ ਸਾਹਿਬ ਗੁਰਦੁਆਰਾ, ਜਿਸਨੂੰ ਕੁੰਡਿਕੁੱਟਲਮ ਵੀ ਕਿਹਾ ਜਾਂਦਾ ਹੈ, ਸਮੇਂ ਦੇ ਨਾਲ ਅਲੋਪ ਹੋ ਗਿਆ। ਕਿਹੜੇ ਕਾਰਣਾਂ ਕਰਕੇ ਕੁਝ ਸਥਾਨਾਂ ਦੀ ਹੋਂਦ ਬਰਕਰਾਰ ਰਹੀ ਅਤੇ ਕੁਝ ਖਤਮ ਹੋ ਗਏ?

**੩. ਦੱਖਣੀ ਭਾਰਤ ਯਾਤਰਾ ਦੌਰਾਨ ਗੁਰੂ ਨਾਨਕ ਦੀ ਹੋਰ ਰੂਹਾਨੀ ਸ਼ਖਸੀਅਤਾਂ ਨਾਲ ਹੋਏ ਵਾਰਤਾਲਾਪ ਤੋਂ ਅਸੀਂ ਕੀ ਸਿੱਖ ਸਕਦੇ ਹਾਂ?**

ਇਹ ਐਪੀਸੋਡ ਅੰਨਾਮਲਾਈ ਪਹਾੜੀਆਂ ਦੇ ਮੂਲ 'ਕੌਡਾ' ਕਬੀਲੇ, ਰਾਮੇਸ਼ਵਰਮ ਵਿਖੇ ਜੋਗੀਆਂ (ਤਿਆਗੀਆਂ) ਅਤੇ ਜਲਾਲ-ਉਦ-ਦੀਨ, ਸਯਦ ਯਾਕੂਬ ਅਲੀ, ਅਤੇ ਫਕੀਰ ਸਈਦ ਹੁਸੈਨ ਲੱਕੜ ਸ਼ਾਹ ਵਰਗੇ ਮੁਸਲਿਮ ਫਕੀਰਾਂ ਨਾਲ ਉਸਦੀ ਗੱਲਬਾਤ ਨੂੰ ਦਰਜ ਕਰਦਾ ਹੈ। ਇਹ ਗੱਲਬਾਤ ਅਕਸਰ ਧਾਰਮਿਕ ਪੱਖਪਾਤ ਨੂੰ ਦੂਰ ਕਰਨ ਅਤੇ ਸਾਰੀ ਮਨੁੱਖਤਾ ਦੀ ਏਕਤਾ ਨੂੰ ਮਾਨਤਾ ਦੇਣ 'ਤੇ ਕੇਂਦ੍ਰਿਤ ਹੁੰਦੀ ਸੀ। ਇਨ੍ਹਾਂ ਸੰਵਾਦਾਂ ਨੇ ਦੱਖਣੀ ਭਾਰਤ ਵਿਚ ਗੁਰੂ ਨਾਨਕ ਦੀ ਵਿਚਾਰਧਾਰਾ ਦੀ ਸਵੀਕਾਰਤਾ ਨੂੰ ਕਿਵੇਂ ਰੂਪ ਦਿੱਤਾ?

**੪. ਭਗਤ ਤ੍ਰਿਲੋਚਨ ਅਤੇ ਭਗਤ ਨਾਮਦੇਵ ਵਰਗੇ ਸੰਤਾਂ ਦੀ ਵਿਰਾਸਤ ਤੋਂ ਗੁਰੂ ਨਾਨਕ ਦੇ ਰੂਹਾਨੀ ਪ੍ਰਭਾਵ ਨੂੰ ਸਮਝਣ ਵਿਚ ਕੀ ਸਹਾਇਤਾ ਮਿਲਦੀ ਹੈ?**

ਭਗਤ ਤ੍ਰਿਲੋਚਨ ਦਾ ਜਨਮ ਈ. ਸੰ. ੧੨੬੯ ਵਿੱਚ ਅਤੇ ਭਗਤ ਨਾਮਦੇਵ ਦਾ ਜਨਮ ਈ. ਸੰ. ੧੨੭੦ ਵਿਚ ਹੋਇਆ। ਭਾਵੇਂ ਦੋਵੇਂ ਸੰਤ ਗੁਰੂ ਨਾਨਕ ਤੋਂ ਕਈ ਸਦੀਆਂ ਪਹਿਲਾਂ ਦੇ ਕਾਲ ਨਾਲ ਸੰਬੰਧਿਤ ਹਨ, ਫਿਰ ਵੀ, ਉਨ੍ਹਾਂ ਦੇ ਰੂਹਾਨੀ ਸੰਦੇਸ਼ ਗੁਰੂ ਨਾਨਕ ਦੀ ਵਿਚਾਰਧਾਰਾ ਨਾਲ ਇਕਸੁਰ

ਹੋ ਗੂੰਜਦੇ ਹਨ। ਉਨ੍ਹਾਂ ਦੇ ਸਬਦ ਬਾਅਦ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਕੀਤੇ ਗਏ, ਜੋ ਉਨ੍ਹਾਂ ਦੇ ਵਿਚਾਰਧਾਰਕ ਸੰਬੰਧ ਦਾ ਸਬੂਤ ਹਨ। ਦੋਵੇਂ ਸੰਤਾਂ ਨੇ ਫੋਕੀਆਂ ਕਰਮਕਾਂਡੀ ਰਸਮਾਂ ਦੀ ਆਲੋਚਨਾ ਕੀਤੀ ਅਤੇ ਰੂਹਾਨੀ ਰੂਪਾਂਤਰਨ ਦੇ ਮਹੱਤਵ ਉੱਤੇ ਜ਼ੋਰ ਦਿੱਤਾ। ਇਸ ਵਿਚਾਰਧਾਰਾ ਦਾ ਨਿਰੰਤਰ ਪ੍ਰਵਾਹ ਭਾਰਤ ਵਿਚ ਭਗਤੀ ਅੰਦੋਲਨ ਦੇ ਵਿਕਾਸ ਬਾਰੇ ਕੀ ਸੰਕੇਤ ਦਿੰਦਾ ਹੈ?

## ਦਾਰਸ਼ਨਿਕ ਚਰਚਾ ਨੁਕਤੇ:

**੧. ਕੋਟਾਯਮ ਵਿਖੇ ਤਿਲ ਦੇ ਬੀਜ ਦਾ ਬਿਰਤਾਂਤ ਗੁਰੂ ਨਾਨਕ ਦੀ ਵੰਡ ਛਕਣ ਅਤੇ ਉਦਾਰਤਾ ਦੀ ਵਿਚਾਰਧਾਰਾ ਬਾਰੇ ਕੀ ਉਜਾਗਰ ਕਰਦਾ ਹੈ?**

ਜਦੋਂ ਜੋਗੀਆਂ ਨੇ ਗੁਰੂ ਨਾਨਕ ਨੂੰ ਸੰਗਤ ਨਾਲ ਸਿਰਫ਼ ਇਕ ਤਿਲ ਸਾਂਝਾ ਕਰਨ ਲਈ ਕਿਹਾ, ਤਾਂ ਉਨ੍ਹਾਂ ਨੇ ਦਰਸਾਇਆ ਕਿ ਸਾਂਝ ਕਰਨ ਦੀ ਭਾਵਨਾ, ਮਾਤਰਾ ਨਾਲੋਂ ਵਧੀਕ ਮਹੱਤਵਪੂਰਨ ਹੈ। ਆਪਣੇ ਸਬਦ ਰਾਹੀਂ ਉਨ੍ਹਾਂ ਨੇ ਦੱਸਿਆ ਕਿ ਜੇਕਰ ਤੁਹਾਡੇ ਕੋਲ ਗੁਣ ਹਨ, ਤਾਂ ਇਕੱਠੇ ਹੋ ਇਨ੍ਹਾਂ ਗੁਣਾਂ ਦੀ ਸਾਂਝ ਪਾਉ। ਸਕਾਰਾਤਮਕਤਾ ਦਾ ਵਾਧਾ ਜ਼ਰੂਰੀ ਹੈ ਤਾਂ ਜੋ ਨਕਾਰਾਤਮਕਤਾ ਨੂੰ ਖਤਮ ਕੀਤਾ ਜਾ ਸਕੇ। 'ਸ਼ੁੱਧ ਉਦੇਸ਼ਮ' (ਸ਼ੁਧ ਇਰਾਦੇ) ਦਾ ਇਹ ਸੰਕਲਪ ਦਾਨ ਅਤੇ ਭਾਈਚਾਰਕ ਜ਼ਿੰਮੇਵਾਰੀ ਦੀ ਰਵਾਇਤੀ ਸੂਝ ਨੂੰ ਕਿਵੇਂ ਚੁਣੌਤੀ ਦਿੰਦਾ ਹੈ?

**੨. ਗੁਰੂ ਨਾਨਕ ਨੇ ਨਿਰਾਕਾਰ (ਨਿਰਗੁਣ) ਅਤੇ ਦੈਵੀ ਸਰੂਪ (ਸਰਗੁਣ) ਦੀ ਉਪਾਸਨਾ ਦੇ ਵਿਚਕਾਰ ਵਿਰੋਧਾਭਾਸ਼ ਨੂੰ ਕਿਵੇਂ ਸੰਬੋਧਨ ਕੀਤਾ?**

ਰਾਮੇਸ਼ਵਰਮ ਦੇ ਰਾਮਨਾਥਸਵਾਮੀ ਮੰਦਰ ਵਿਚ ਸਨਿਆਸੀਆਂ ਨੇ ਗੁਰੂ ਨਾਨਕ ਤੋਂ ਪੁੱਛਿਆ ਕਿ ਇੱਕ ਨਿਰਗੁਣ ਈਸ਼ਵਰ ਦੇ ਭਗਤ ਹੋਣ ਦੇ ਬਾਵਜੂਦ ਉਨ੍ਹਾਂ ਨੇ ਸ਼ਿਵ ਮੰਦਰ ਦੀ ਯਾਤਰਾ ਕਿਉਂ ਕੀਤੀ। ਉਨ੍ਹਾਂ ਨੇ ਇਕ ਗੂੜ੍ਹ ਸਬਦ ਰਾਹੀਂ ਉੱਤਰ ਦਿੱਤਾ, ਜਿਸ ਵਿਚ ਦੋਨੋਂ ਭਗਤੀ ਮਾਰਗਾਂ–ਨਿਰਗੁਣ ਅਤੇ ਸਰਗੁਣ ਦੀ ਸਹਿਹੋਂਦ ਨੂੰ ਦਰਸਾਇਆ ਗਿਆ। ਉਨ੍ਹਾਂ ਨੇ ਕਿਹਾ ਕਿ ਦੋਵੇਂ ਮਾਰਗ ਇਕੋ ਇਕਾਈਕ੍ਰਿਤ ਸ਼ਕਤੀ ਤੋਂ ਉਤਪੰਨ ਹੁੰਦੇ ਹਨ। ਇਹ ਅਦ੍ਵੈਤਵਾਦੀ ਦਰਸ਼ਨ ਵੱਖ-ਵੱਖ ਧਾਰਮਿਕ ਪ੍ਰਗਟਾਵਿਆਂ ਨੂੰ ਕਿਵੇਂ ਇਕਜੁੱਟ ਕਰਦਾ ਹੈ ਅਤੇ ਵਿਸ਼ਵਵਿਆਪੀ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਦੀ ਨੀਂਹ ਕਿਵੇਂ ਰੱਖਦਾ ਹੈ?

**੩. ਗੁਰੂ ਨਾਨਕ ਦੁਆਰਾ ਕਡਾਨ ਕਬੀਲੇ ਨਾਲ ਮੁਲਾਕਾਤ ਦੌਰਾਨ ਮਨੁੱਖੀ ਰਿਸ਼ਤਿਆਂ ਵਿਚ ਡਰ ਦੀ ਪ੍ਰਕਿਰਤੀ ਬਾਰੇ ਕਿਹੜੀ ਅੰਤਰ ਦ੍ਰਿਸ਼ਟੀ ਪ੍ਰਦਾਨ ਕੀਤੀ?**

ਜਦੋਂ ਅੰਨਾਮਲਾਈ ਪਹਾੜੀਆਂ ਦੇ ਕੜਾਨ ਕਬੀਲੇ ਵਾਲਿਆਂ ਨੇ ਭਾਈ ਮਰਦਾਨਾ ਨੂੰ ਇਕ ਘੁਸਪੈਠੀਆ ਸਮਝ ਫੜ ਲਿਆ, ਤਾਂ ਗੁਰੂ ਨਾਨਕ ਨੇ ਸਮਝਾਇਆ ਕਿ ਡਰ ਸਾਡੇ ਵਿਚਾਰਾਂ ਅਤੇ ਫੈਸਲਿਆਂ 'ਤੇ ਹਾਵੀ ਹੋ ਸਕਦਾ ਹੈ। ਉਨ੍ਹਾਂ ਨੇ ਪੁਰਜ਼ੋਰ ਤਾਕੀਦ ਕੀਤੀ ਕਿ ਅਸੀਂ ਸਾਰੇ ਇਕੋ ਪ੍ਰਾਕ੍ਰਿਤਿਕ ਪ੍ਰਣਾਲੀ ਦਾ ਹਿੱਸਾ ਹਾਂ, ਇਸ ਲਈ ਸਾਨੂੰ ਇਕ ਦੂਜੇ ਤੋਂ ਡਰਣ ਦੀ ਲੋੜ ਨਹੀਂ। ਆਪਣੇ ਸਬਦ ਵਿਚ ਉਨ੍ਹਾਂ ਨੇ ਵਿਸਥਾਰ ਨਾਲ ਸਮਝਾਇਆ ਕਿ ਡਰ ਦੇ ਕਾਰਨ ਅਨੇਕਾਂ ਵਿਚਾਰ ਸਾਡੇ ਮਨ ਵਿਚ ਆਉਂਦੇ ਜਾਂਦੇ ਰਹਿੰਦੇ ਹਨ ਅਤੇ ਇਸ ਤੋਂ ਇਲਾਵਾ ਕਈ ਵਿਅਕਤੀ ਵੀ ਡਰ ਦਾ ਕਾਰਣ ਬਣਦੇ ਹਨ। ਹਰ ਕਿਸਮ ਦਾ ਡਰ ਸਾਡੇ ਆਪਣੀ ਹੀ ਮਨੋਬਿਰਤੀ ਤੋਂ ਉਪਜਦਾ ਹੈ। ਗੁਰੂ ਨਾਨਕ ਇਸ ਤੱਥ ਦੀ ਪੁਸ਼ਟੀ ਕਰਦੇ ਹਨ ਕਿ ਇਕੋ ਸਰਵਵਿਆਪਕ ਪਰਮ ਸਚ ਹੀ ;ਨਿਰਭਉ ਅਤੇ ਨਿਰਾਕਾਰ ਹੈ। ਇਹ ਸੰਦੇਸ਼ ਆਧੁਨਿਕ ਸਮਾਜਿਕ ਵੰਡਾਂ ’ਤੇ ਕਿਵੇਂ ਲਾਗੂ ਹੁੰਦਾ ਹੈ?

**੪. ਗੁਰੂ ਨਾਨਕ ਨੇ ਰੂਹਾਨੀ ਸੂਝ ਵਿੱਚ ਮਨੁੱਖੀ ਇੰਦਰਿਆਂ ਦੀਆਂ ਸੀਮਾਵਾਂ ਨੂੰ ਕਿਵੇਂ ਸਪੱਸ਼ਟ ਕੀਤਾ ਹੈ?**

ਇਹ ਐਪੀਸੋਡ ਗੁਰੂ ਨਾਨਕ ਅਤੇ ਫਕੀਰ ਲੱਕੜ ਸ਼ਾਹ (ਜੋ ਦੇਖਣ ਵਿੱਚ ਅਸਮਰਥ ਸਨ) ਦੇ ਗੂੜ੍ਹ ਵਾਰਤਾਲਾਪ ਨੂੰ ਦਰਸਾਉਂਦਾ ਹੈ, ਇਹ ਪਲ ਇਸ ਵਿਚਾਰ ਨੂੰ ਪ੍ਰੇਰਿਤ ਕਰਦਾ ਹੈ ਕਿ ਕੀ ਵਿਕਲਾਂਗ ਵਿਅਕਤੀਆਂ ਕੋਲ ਰੂਹਾਨੀ ਸਮਝ ਦੀ ਘਾਟ ਹੁੰਦੀ ਹੈ ਜਾਂ ਉਨ੍ਹਾਂ ਦੀ ਵਿਲੱਖਣ ਅਨੁਭਵ-ਸੰਪੰਨਤਾ ਉਨ੍ਹਾਂ ਨੂੰ ਹੋਰ ਡੂੰਘਾਈ ਦਿੰਦੀ ਹੈ। ਗੁਰੂ ਨਾਨਕ ਦੇ ਸਬਦ ਵਿੱਚ ਇਹ ਸਾਫ਼ ਕੀਤਾ ਗਿਆ ਹੈ ਕਿ ਬ੍ਰਹਿਮੰਡੀ ਸ਼ਕਤੀ ਸਰਵਵਿਆਪਕ ਹੈ ਅਤੇ ਭੇਦਭਾਵ ਤੋਂ ਰਹਿਤ ਅੰਦਰੂਨੀ ਦਰਸ਼ਨ ਪ੍ਰਦਾਨ ਕਰਦੀ ਹੈ। ਜਦੋਂ ਅਜਪਾ ਰੂਹਾਨੀ ਧੁਨੀ ਅੰਦਰ ਗੂੰਜਦੀ ਹੈ, ਤਾਂ ਸੰਦੇਹ ਅਤੇ ਡਰ ਦੂਰ ਹੋ ਜਾਂਦੇ ਹਨ। ਇਹ ਸਮਝ ਪਰੰਪਰਾਗਤ ਦ੍ਰਿਸ਼ਟੀਕੋਣ ਨੂੰ ਕਿਵੇਂ ਚੁਣੌਤੀ ਦਿੰਦੀ ਹੈ ਅਤੇ ਸਾਨੂੰ ਉਹਨਾਂ ਹੱਦਾਂ ਵਿੱਚ ਲੁਕੀਆਂ ਸੰਭਾਵਨਾਵਾਂ ਨੂੰ ਪਛਾਣਨ ਲਈ ਕਿਵੇਂ ਪ੍ਰੇਰਿਤ ਕਰਦੀ ਹੈ, ਜਿਨ੍ਹਾਂ ਨੂੰ ਅਸੀਂ ਅਕਸਰ ਕਮਜ਼ੋਰੀ ਸਮਝ ਲੈਂਦੇ ਹਾਂ?

ਇਹ ਐਪੀਸੋਡ ਗੁਰੂ ਨਾਨਕ ਅਤੇ ਫਕੀਰ ਲੱਕੜ ਸ਼ਾਹ ਦਰਮਿਆਨ ਹੋਏ ਗੂੜ੍ਹ ਸੰਵਾਦ ਨੂੰ ਦਰਸਾਉਂਦਾ ਹੈ, ਜੋ ਨਜ਼ਰ ਦੀ ਸਮੱਸਿਆ ਨਾਲ ਜੂਝ ਰਹੇ ਸਨ। ਇਹ ਮੁਲਾਕਾਤ ਗੰਭੀਰ ਚਿੰਤਨ ਲਈ ਇੱਕ ਸ਼ਕਤੀਸ਼ਾਲੀ ਪ੍ਰੇਰਨਾ ਸਰੋਤ ਹੈ ਕੀ ਸਰੀਰਕ ਅਪਾਹਜਤਾ, ਆਤਮਕ ਅਗਿਆਨ ਦਾ ਕਾਰਣ ਬਣ ਸਕਦੀ ਹੈ ਜਾਂ ਇਹ ਅੰਤਰੀਵੀ ਅਨੁਭਵ ਦੀ ਇਕ ਵਿਲੱਖਣ ਸੂਝ ਪ੍ਰਦਾਨ ਕਰ ਸਕਦੀ ਹੈ। ਗੁਰੂ ਨਾਨਕ ਬਾਣੀ ਇਹ ਉਜਾਗਰ ਕਰਦੀ ਹੈ ਕਿ ਆਤਮਿਕ ਊਰਜਾ ਹਰ ਥਾਂ ਵਿਅਪਕ ਹੈ, ਜੋ ਵਿਅਕਤੀ ਦੀ ਸਥਿਤੀ ਤੋਂ ਪਰੇ ਗਿਆਨ ਦੀ ਰੋਸ਼ਨੀ ਦਿੰਦੀ ਹੈ। ਜਦੋਂ ਅਨਹਦ ਨਾਦ ਦੇ ਰੂਪ ਵਿਚ ਆਤਮਕ ਸੂਝ ਅੰਦਰ ਗੂੰਜਦੀ ਹੈ, ਤਾਂ ਸੰਦੇਹ ਅਤੇ ਡਰ ਖਤਮ ਹੋ ਜਾਂਦੇ ਹਨ। ਇਹ ਸਮਝ

ਸਾਡੇ ਰਵਾਇਤੀ ਵਿਚਾਰਾਂ ਨੂੰ ਚੁਣੌਤੀ ਦਿੰਦੀ ਹੈ ਜੋ ਸਰੀਰਕ ਸਮਰਥਾ ਨੂੰ ਆਤਮਿਕ ਗਿਆਨ ਦਾ ਸਰੋਤ ਮੰਨਦੇ ਹਨ। ਇਸ ਐਪੀਸੋਡ ਰਾਹੀਂ ਅਸੀਂ ਇਹ ਸਵੀਕਾਰ ਕਰਨਾ ਸਿੱਖਦੇ ਹਾਂ ਕਿ ਜਿਸ ਨੂੰ ਅਸੀਂ ਕਈ ਵਾਰ ਕਮਜ਼ੋਰੀ ਸਮਝ ਬੈਠਦੇ ਹਾਂ, ਉਹ ਅਸਲ ਵਿੱਚ ਸਾਡੀ ਆਤਮਿਕ ਤਾਕਤ ਦਾ ਸਰੋਤ ਹੋ ਸਕਦੇ ਹਨ। ਇਹ ਦ੍ਰਿਸ਼ਟੀਕੋਣ ਸਾਨੂੰ ਵਿਲੱਖਣ ਨਜ਼ਰੀਏ, ਅੰਦਰੂਨੀ ਸਹਿਣਸ਼ੀਲਤਾ ਅਤੇ ਗਹਿਰੀ ਸੂਝ ਦਾ ਗਿਆਨ ਕਰਵਾ ਸਕਦੇ ਹਨ ਜੋ ਰਵਾਇਤੀ ਮਨੋਤਾਂ ਤੋਂ ਪਰੇ ਹਨ।

**੫. ਗੁਰੂ ਨਾਨਕ ਦੁਆਰਾ ਸਤਾ ਅਤੇ ਅਹੰਕਾਰ ਬਾਰੇ ਕੀਤੀ ਟਿੱਪਣੀ, ਅਗਵਾਈ ਅਤੇ ਮਨੁੱਖੀ ਸੁਭਾਵ ਬਾਰੇ ਕੀ ਰੋਸ਼ਨੀ ਪੈਂਦੀ ਹੈ?**

ਦੌਲਤਾਬਾਦ ਦੇ ਸਮਾਰਕਾਂ ਨੂੰ ਦੇਖਦੇ ਹੋਏ, ਜਿਨ੍ਹਾਂ ਨੂੰ ਕਦੇ ਮੁਹੰਮਦ-ਬਿਨ-ਤੁਗਲਕ ਨੇ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰਨ ਲਈ ਤਿਆਰ ਕਰਵਾਇਆ ਸੀ, ਐਪੀਸੋਡ ਵਿਚ ਇਹ ਉਲਲੇਖ ਕੀਤਾ ਗਿਆ ਹੈ ਕਿ ਗੁਰੂ ਨਾਨਕ ਦਾ ਸੰਦੇਸ਼ ਸੀ ਕਿ ਜਿਵੇਂ ਲੋਹਾ ਭੱਠੀ ਵਿਚ ਪਿਘਲਾ ਇਕ ਨਵਾਂ ਰੂਪ ਲੈਂਦਾ ਹੈ, ਉਵੇਂ ਹੀ ਮੋਹ ਵਿਚ ਫਸਿਆ ਵਿਅਕਤੀ ਵਾਰ ਵਾਰ ਭਟਕਦਾ ਹੈ। ਸਤਾ ਪ੍ਰਤੀ ਇਹ ਦ੍ਰਿਸ਼ਟੀਕੋਣ ਅਹੰਕਾਰ 'ਤੇ ਉਨ੍ਹਾਂ ਦੀ ਆਲੋਚਨਾ ਨਾਲ ਕਿਵੇਂ ਸੰਬੰਧਿਤ ਹੈ, ਜਿਸਨੂੰ ਗੁਰੂ ਨਾਨਕ ਦੁਆਰਾ ਸਿੰਮਲ ਦੇ ਰੁੱਖ ਦੇ ਰੂਪਕ ਰਾਹੀਂ ਸਮਝਾਇਆ ਜੋ ਉੱਚਾ ਤਾਂ ਹੈ, ਪਰ ਰਸਦਾਰ ਫਲ ਨਹੀਂ ਦਿੰਦਾ?